ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7l

awazeqaumtvpunjab@gmail.com

ਮੰਗਲਵਾਰ, 4 ਮਾਰਚ 2025 (ਨਾਨਕਸ਼ਾਹੀ ਸੰਮਤ : ੫੫੬, ੨੧ ਫੱਗਣ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243

## ਸ਼੍ਰੀ ਅਕਾਲ ਤਖ਼ਤ ਸਾਹਿਬ ਜੀ ਤੋਂ 2 ਦਸੰਬਰ 2024 ਨੂੰ ਹੋਏ ਇਤਿਹਾਸਿਕ ਆਦੇਸ਼ਾਂ ਦੀ ਸ਼ਲਾਘਾ ਕਰਦਿਆਂ ਬਰਤਾਨੀਆਂ ਦੀਆਂ ਸਿੱਖ ਸੰਗਤਾਂ ਵੱਲੋਂ

# ਗੁਰੂ ਨਾਨਕ ਗੁਰਦੁਆਰਾ ਸਾਹਿਬ ਸਮੈਦਿਕ ਵਿਖੇ ਭਾਰੀ ਪੰਥਕ ਇਕੱਠ

## ਸ਼੍ਰੀ ਅਕਾਲ ਤਖ਼ਤ ਸਾਹਿਬ ਨੂੰ ਆਪਣੀ ਨਿੱਜੀ ਮਲਕੀਅਤ ਸਮਝਣ ਵਾਲੇ ਬਾਜ਼ ਆਉਣ



### ਪੰਥਕ ਇਕੱਠ ਵਿੱਚ ਪਾਸ ਕੀਤੇ ਗਏ ਮਤੇ

1. 2 ਦਸੰਬਰ ਨੂੰ ਸ਼੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਫ਼ਸੀਲ ਤੋ ਆਏ ਆਦੇਸ਼ਾ ਦੀ ਅੱਜ ਦੇ ਪੰਥਕ ਇਕੱਠ ਵਿੱਚ ਯੂਕੇ ਦੀਆਂ ਸਮੁੱਚੀਆਂ ਸੰਗਤਾਂ ਵਲੋ ਸ਼ਲਾਘਾ ਕਰਦੇ ਹਾਂ, ਇਨਾਂ ਫੈਸਲਿਆ ਤੋ ਬਾਅਦ ਤਖ਼ਤ ਸਾਹਿਬਾਨਾਂ ਦੇ ਜਥੇਦਾਰਾਂ ਦੀ ਨਿੱਜੀ ਤੌਰ ਤੇ ਜਿੰਨਾਂ ਲੋਕਾਂ ਵੱਲੋਂ ਕਿਰਦਾਰਕੁਸ਼ੀ ਕੀਤੀ ਗਈ ਉਨਾ ਦੀ ਜ਼ੋਰਦਾਰ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ
2. ਸ਼੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸਰਬ-ਉੱਚਤਾ ਅਤੇ ਅਜ਼ਾਦ ਪ੍ਰਭੂਸੱਤਾ ਵਾਸਤੇ ਰਣਨੀਤੀ ਤਿਆਰ ਕਰਨੀ ਜਿਸ ਵਿੱਚ ਵਿਸ਼ਵਭਰ ਵਿੱਚ ਵੱਸਦੇ ਸਿੱਖਾਂ ਦੀ ਸ਼ਮੂਲੀਅਤ ਨੂੰ ਯਕੀਨੀ ਬਣਾਇਆ ਜਾਵੇ ਇਸ ਦੇ ਨਾਲ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਨੂੰ ਇੰਨ-ਬਿੰਨ ਮੰਨਣਾ ਅਤੇ ਲਾਗੂ ਕਰਵਾਉਣਾ
3. ਸ਼੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਹੁਣਾ ਨੂੰ ਬੇਨਤੀ ਕੀਤੀ ਗਈ ਕਿ ਸਮੇਂ ਦੀ ਨਿਯਾਕਤ ਨੂੰ ਪਛਾਣਦਿਆਂ ਵਿਸ਼ਵ ਸਿੱਖ ਸੰਮੇਲਨ ਸੱਦਿਆ ਜਾਵੇ
4. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤਰਿੰਗ ਕਮੇਟੀ ਨੂੰ ਸਖ਼ਤ ਸ਼ਬਦਾਂ ਵਿੱਚ ਤਾੜਨਾ ਕੀਤੀ ਗਈ ਅੱਜ ਦੇ ਇਸ ਬਿਖੜੇ ਸਮੇ ਦੌਰਾਨ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਨੂੰ ਜੇਕਰ ਅਹੁਦੇ ਤੋ ਬਰਖ਼ਾਸਤ ਕੀਤਾ ਤਾਂ ਸੰਸਾਰ ਭਰ ਦੇ ਸਿੱਖਾਂ ਵੱਲੋਂ ਇਸ ਦਾ ਡਟ ਕੇ ਵਿਰੋਧ ਕੀਤਾ ਜਾਵੇਗਾ।

**ਬ੍ਰਮਿੰਘਮ, 3 ਮਾਰਚ (ਆਵਾਜਿ ਕੌਮ ਬਿਊਰੋ)**-ਸ਼੍ਰੀ ਅਕਾਲ ਤਖ਼ਤ ਸਾਹਿਬ ਜੀ ਤੋਂ 2 ਦਸੰਬਰ 2024 ਨੂੰ ਹੋਏ ਇਤਿਹਾਸਿਕ ਆਦੇਸ਼ਾਂ ਦੀ ਸ਼ਲਾਘਾ ਕਰਦਿਆਂ ਬਰਤਾਨੀਆਂ ਦੀਆਂ ਸਿੱਖ ਸੰਗਤਾਂ ਵੱਲੋਂ ਗੁਰੂ ਨਾਨਕ ਗੁਰਦੁਆਰਾ ਸਾਹਿਬ ਸਮੈਦਿਕ ਵਿਖੇ ਭਾਰੀ ਇਕੱਠ ਕੀਤਾ ਗਿਆ ਜਿਸ ਵਿੱਚ ਸਿੱਖ ਜਥੇਬੰਦੀਆਂ ਅਤੇ ਗੁਰਦੁਆਰਾ

ਆਵਾਜ਼ਿ ਕੌਮ AWAZE QAUM International Newspaper & WEB TV

ਸਾਹਿਬਾਨਾਂ ਦੇ ਮੋਹਤਵਾਰ ਸੱਜਣਾਂ ਨੇ ਸੰਗਤ ਨੂੰ ਸੰਬੋਧਨ ਕੀਤਾ ਗੁਰੂ ਨਾਨਕ ਗੁਰਦੁਆਰਾ ਸਮੈਦਿਕ ਦੇ ਪ੍ਰਧਾਨ ਸ ਕੁਲਦੀਪ ਸਿੰਘ ਦਿਉਲ ਨੇ ਅਰੰਭਤਾਂ ਕਰਦਿਆਂ ਕਿਹਾ ਸ਼੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਮੁੱਚੇ ਸਿੱਖਾਂ ਦੀ ਅਗਵਾਈ ਕਰਦੇ ਹਨ ਉੱਨਾਂ ਦਾ ਦਾਇਰਾ ਕਦੇ ਵੀ ਸੀਮਿਤ ਨਹੀਂ ਹੋ ਸਕਦਾ ਜਿਹੜੇ ਲੋਕ ਤਖ਼ਤ ਸਾਹਿਬ ਨੂੰ ਆਪਣੀ ਨਿੱਜੀ ਮਲਕੀਅਤ ਸਮਝਦੇ ਹਨ ਉੱਨਾਂ ਨੂੰ ਬਾਜ਼ ਆਉਣਾ ਚਾਹੀਦਾ

ਭਾਈ ਰਾਜ ਮਨਵਿੰਦਰ ਸਿੰਘ ਕੰਗ ਸਾਬਕਾ ਪ੍ਰਧਾਨ ਗੁਰੂ ਤੇਗ ਬਹਾਦਰ ਗੁਰਦੁਆਰਾ ਲੈਸਟਰ ਨੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜਦੋਂ ਇੰਗਲੈਂਡ ਆਏ ਉਹਨਾਂ ਦੇ ਨਾਲ ਹੋਈਆਂ ਮੀਟਿੰਗਾਂ ਦੇ ਬਾਰੇ ਵਿਸਥਾਰ ਨਾਲ ਦੱਸਿਆ ਅਤੇ ਜੋ ਉਪਰਾਲੇ ਪੰਥਕ ਦਰਦੀਆਂ ਨੇ ਕੀਤੇ ਉਹਨਾਂ ਦੇ ਬਾਰੇ ਵੀ ਦੱਸਿਆ ਸਿੱਖ ਫੈਡਰੇਸ਼ਨ ਯੂ ਕੇ ਦੇ ਚੇਅਰਮੈਨ ਭਾਈ ਅਮਰੀਕ ਸਿੰਘ ਗਿੱਲ ਬਹੁਤ ਸੁਹਿਰਦਤਾ ਨਾਲ ਸਾਰੇ ਪੰਥ ਨੂੰ ਇਕਜੁੱਟਤਾ ਨਾਲ ਤਖ਼ਤ ਸਾਹਿਬ ਦੇ ਫ਼ੈਸਲਿਆ



ਨਾਲ ਖੜਨ ਦੀ ਅਪੀਲ ਕੀਤੀ ਪੂਰੀ ਦੁਨੀਆ ਵਿੱਚ ਵੱਸਦੇ ਸਿੱਖਾਂ ਨੂੰ ਜਥੇਦਾਰ ਸਾਹਿਬਾਨਾਂ ਦੀ ਨਿਯੁੱਕਤੀ ਅਤੇ ਬਰਖਾਸਤਗੀ ਵਿੱਚ ਸ਼ਾਮਲ ਕਰਨ ਨੂੰ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਭਾਈ ਦਇਆ ਸਿੰਘ ਪ੍ਰਧਾਨ ਗੁਰਦੁਆਰਾ ਹਰਿ ਰਾਏ ਸਾਹਿਬ ਵੈਸਟ ਬਰਾਮਵਿਚ ਨੇ ਆਖਿਆ ਕਿ ਇਸ ਸਮੇਂ ਸਾਨੂੰ ਜਥੇਦਾਰਾਂ ਸਾਹਿਬ ਨਾਲ ਖੜਨ ਦੀ ਲੋੜ ਹੈ ਇੰਟਰਨੈਸ਼ਨਲ ਪੰਥਕ ਦਲ ਦੇ ਮੁੱਖ ਬੁਲਾਰੇ ਭਾਈ ਕਪਤਾਨ ਸਿੰਘ ਜੀ ਹੁਣਾ ਨੇ ਪੰਥ ਦੀਆਂ ਸਿਰਮੌਰ ਜਥੇਬੰਦੀਆਂ ਅਤੇ ਕਥਾਵਾਚਕਾਂ ਨੂੰ ਆਖਿਆ ਕਿ ਇਸ ਸਮੇਂ ਤੁਹਾਡੇ ਬੋਲਣ ਦੀ ਲੋੜ ਹੈ ਪੰਥਕ ਆਗੂ ਭਾਈ ਕੁਲਦੀਪ ਸਿੰਘ ਚਹੇੜੂ ਨੇ ਆਪਣੇ ਸੰਖੇਪ ਸ਼ਬਦਾਂ ਵਿੱਚ ਹੇਠ ਲਿਖੇ ਮਤੇ ਪੜ੍ਹ ਕੇ ਸੁਣਾਏ ਜਿਨਾਂ ਨੂੰ ਸਮੁੱਚੀ ਸੰਗਤ ਵੱਲੋਂ ਹੱਥ ਖੜ੍ਹੇ ਕਰਕੇ ਜੈਕਾਰਿਆਂ ਦੇ ਰੂਪ ਵਿੱਚ ਪ੍ਰਵਾਨਗੀ ਦਿੱਤੀ ਗਈ ਇੰਨਾਂ ਤੋਂ ਇਲਾਵਾ ਗੁਰਨਾਮ ਸਿੰਘ ਨਵਾਂਸ਼ਹਿਰ ਪ੍ਰਧਾਨ ਗੁਰੂ ਤੇਗ ਬਹਾਦਰ ਗੁਰਦੁਆਰਾ ਸਾਹਿਬ ਲੈਸਟਰ, ਜਸਪਾਲ ਸਿੰਘ ਨਿੱਜਰ ਪ੍ਰਧਾਨ ਗੁਰੂ ਨਾਨਕ ਸਿੱਖ ਗੁਰਦੁਆਰਾ ਸੈਜਲੀ ਸਟ੍ਰੀਟ, ਰਘਬੀਰ ਸਿੰਘ ਬੀਰ੍ਹਾ ਪ੍ਰਧਾਨ ਗੁਰਦੁਆਰਾ ਬਾਬਾ ਸੰਗ ਸਮੈਦਿਕ, ਰਜਿੰਦਰ ਸਿੰਘ ਚਿੱਟੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਡਾਕਟਰ ਸਾਧੂ ਸਿੰਘ ਗੁਰਦੁਆਰਾ ਸਿੱਖ ਕੌਂਸਲ ਵੂਲਵਰਹੈਂਪਟਨ, ਤਰਸੇਮ ਸਿੰਘ ਦਿਉਲ ਬ੍ਰਿਟਿਸ਼ ਸਿੱਖ ਕੌਂਸਲ, ਭਾਈ ਚਰਨ ਸਿੰਘ ਪ੍ਰਧਾਨ ਗੁਰੂ ਹਰਗੋਬਿੰਦ ਸਾਹਿਬ ਗੁਰਦੁਆਰਾ ਟੀਵੀਡੇਲ, ਸ਼੍ਰੋਮਣੀ ਅਕਾਲੀ ਦਲ ਯੂ ਕੇ ਦੇ ਪ੍ਰਧਾਨ ਸੀ ਗੁਰਦੇਵ ਸਿੰਘ ਚੌਹਾਨ, ਭਾਈ ਬਲਦੇਵ ਸਿੰਘ ਸੁਪਰੀਮ ਸਿੱਖ ਕੌਂਸਲ ਭਾਈ ਬਲਵਿੰਦਰ ਸਿੰਘ ਵੂਲਵਰਹੈਂਪਟਨ ਭਾਈ ਜਸਵਿੰਦਰ ਸਿੰਘ ਮੱਖਣਸ਼ਾਹ ਲੁਬਾਣਾ ਟਰੱਸਟ ਯੂ ਕੇ, ਦਰਸ਼ਨ ਸਿੰਘ ਲੋਟੇ ਪ੍ਰਧਾਨ ਮਿਲਟਨ ਕੀਨਜ ਗੁਰਦੁਆਰਾ, ਭਾਈ ਰਘਬੀਰ ਸਿੰਘ ਅਵਾਜਿ ਕੌਮ, ਭਾਈ ਰਣਜੀਤ ਸਿੰਘ ਵਿਰਕ, ਗੁਰਦੁਆਰਾ ਨਾਨਕਸਰ ਪਲੈਕ ਵਾਲਸਾਲ, ਸ ਜਸਵੰਤ ਸਿੰਘ, ਹਰਵੰਤ ਸਿੰਘ ਦਾਦੂਵਾਲ ਸਾਰਿਆਂ ਬੁਲਾਰਿਆਂ ਨੇ ਵਿਚਾਰ ਪੇਸ਼ ਕੀਤੇ।

(ਸੰਬੰਧਤ ਤਸਵੀਰਾਂ ਅਗਲੇ ਪੰਨੇ 'ਤੇ)

## ਸ਼੍ਰੀ ਅਕਾਲ ਤਖ਼ਤ ਸਾਹਿਬ ਜੀ ਤੋਂ 2 ਦਸੰਬਰ 2024 ਨੂੰ ਹੋਏ ਇਤਿਹਾਸਿਕ ਆਦੇਸ਼ਾਂ ਦੀ ਸ਼ਲਾਘਾ ਕਰਦਿਆਂ ਬਰਤਾਨੀਆਂ ਦੀਆਂ ਸਿੱਖ ਸੰਗਤਾਂ ਵੱਲੋਂ

# ਗੁਰੂ ਨਾਨਕ ਗੁਰਦੁਆਰਾ ਸਾਹਿਬ ਸਮੈਦਿਕ ਵਿਖੇ ਭਾਰੀ ਪੰਥਕ ਇਕੱਠ

## ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਆਪਣੀ ਨਿੱਜੀ ਮਲਕੀਅਤ ਸਮਝਣ ਵਾਲੇ ਬਾਜ਼ ਆਉਣ




ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

www.awazeqaumtv.com

Also On

Visit on facebook

https://www.facebook.com/awazeqaumtv/videos/19489582124531/

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

https://youtu.be/LQwolgxDu7I

International Daily Newspaper & WEB TV

awazeqaumtvpunjab@gmail.com

ਮੰਗਲਵਾਰ, 4 ਮਾਰਚ 2025 (ਨਾਨਕਸ਼ਾਹੀ ਸੰਮਤ : ੫੫੬, ੨੧ ਫੱਗਣ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243




## ਪੰਜਾਬ 'ਚ ਐਸ. ਸੀ./ਬੀ. ਸੀ. ਦੇ ਜਾਅਲੀ ਸਰਟੀਫਿਕੇਟਾਂ 'ਤੇ ਨੌਕਰੀਆਂ ਦਾ ਮਾਮਲਾ - ਹਾਈਕੋਰਟ ਨੇ ਮਾਨ ਸਰਕਾਰ ਨੂੰ ਜਾਰੀ ਕੀਤਾ ਨੋਟਿਸ

**ਚੰਡੀਗੜ੍ਹ, 3 ਮਾਰਚ (ਆਵਾਜ਼ਿ ਕੌਮ ਬਿਊਰੋ)**-ਐਸ. ਸੀ./ਬੀ. ਸੀ. ਦੇ ਜਾਲੀ ਸਰਟੀਫਿਕੇਟ ਬਣਾ ਕੇ ਪੰਜਾਬ ਦੇ ਵਿੱਚ ਸਰਕਾਰੀ ਨੌਕਰੀਆਂ ਲੈਣ ਵਾਲਿਆਂ ਦੇ ਖਿਲਾਫ 'ਚੋਰ ਫੜੋ ਮੋਰਚੇ' ਵੱਲੋਂ ਆਵਾਜ਼ ਬੁਲੰਦ ਕੀਤੀ ਗਈ ਸੀ ਅਤੇ 77 ਬੰਦਿਆਂ ਦੀ ਰਿਪੋਰਟ ਪੰਜਾਬ ਸਰਕਾਰ ਨੂੰ ਸੌਂਪੀ ਗਈ ਸੀ ਪਰ ਪੰਜਾਬ ਸਰਕਾਰ ਨੇ ਕਈ ਮੀਟਿੰਗਾਂ ਕਰਨ ਤੋਂ ਬਾਅਦ ਐਲਾਨ ਕਰਨ ਤੋਂ ਬਾਅਦ ਜਦ ਕਾਰਵਾਈ ਨਹੀਂ ਕੀਤੀ ਤਾਂ ਇਹ ਮਾਮਲਾ ਪੰਜਾਬ-ਹਰਿਆਣਾ ਹਾਈਕੋਰਟ ਦੇ ਵਿੱਚ ਲਜਾਇਆ ਗਿਆ, ਜਿੱਥੇ ਜਾ ਕੇ ਆਖਿਰਕਾਰ ਕੋਰਟ ਨੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ, ਜਿਸ ਦੇ ਵਿੱਚ ਸਟੇਟਸ ਰਿਪੋਰਟ ਮੰਗੀ ਗਈ ਹੈ ਕਿ ਕਿਉਂ ਅਜੇ ਤੱਕ ਇਹਨਾਂ 77 ਬੰਦਿਆਂ ਦੇ ਖਿਲਾਫ ਕਾਰਵਾਈ ਨਹੀਂ ਕੀਤੀ ਗਈ? ਅਦਾਲਤ ਨੇ ਕਾਰਵਾਈ ਕਰਨ ਅਤੇ ਜਲਦ ਹੀ ਇਸਤੇ ਐਕਸ਼ਨ ਲੈ ਕੇ ਆਪਣਾ ਜਵਾਬ ਦਾਖਲ ਕਰਨ ਦੇ ਲਈ ਪੰਜਾਬ ਸਰਕਾਰ ਨੂੰ ਮਾਨਯੋਗ ਕੋਰਟ ਨੇ ਮਈ ਮਹੀਨੇ ਤੱਕ ਦਾ ਸਮਾਂ ਦਿੱਤਾ ਹੈ। ਹਾਈ ਕੋਰਟ ਦੇ ਚੀਫ ਜਸਟਿਸ ਸਾਹਿਬ ਨੇ ਸੁਣਵਾਈ ਕਰਕੇ ਪੰਜਾਬ ਸਰਕਾਰ ਨੂੰ ਮਿਤੀ 15/05/2025 ਨੂੰ ਰਿਪੋਰਟ ਦੇਣ ਦੇ ਨਿਰਦੇਸ਼ ਜਾਰੀ ਕੀਤੇ ਹਨ। ਐਡਵੋਕੇਟ ਗੁਰਸਿਮਰਨ ਮਾਨ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਕੇਸ ਨੰਬਰ CWP-PIL 40/25 ਦੀ ਸੁਣਵਾਈ ਕਰਦੇ ਹੋਏ ਮਾਨਯੋਗ ਚੀਫ ਜਸਟਿਸ ਨੇ ਪੰਜਾਬ ਸਰਕਾਰ ਨੂੰ ਮਿਤੀ 15 ਮਈ ਨੂੰ ਰਿਪੋਰਟ ਦੇਣ ਦੇ ਨਿਰਦੇਸ਼ ਜਾਰੀ ਕੀਤੇ ਹਨ। ਐਡਵੋਕੇਟ ਦਾ ਇਹ ਵੀ ਕਹਿਣਾ ਹੈ ਕਿ ਜੇਕਰ ਇਹ ਸਭ ਕੁਝ ਸਹੀ ਪਾਇਆ ਜਾਂਦਾ ਹੈ ਤਾਂ ਫਿਰ ਇਹਨਾਂ ਲੋਕਾਂ ਤੇ ਕ੍ਰਿਮੀਨਲ ਕਾਰਵਾਈ ਵੀ ਹੋਵੇਗੀ।

## ਰਿਸ਼ੀਕੇਸ਼ 'ਚ ਸਿੱਖ ਵਪਾਰੀ ਦੀ ਕੁੱਟਮਾਰ ਦਾ

# ਸ਼੍ਰੋਮਣੀ ਕਮੇਟੀ ਨੇ ਲਿਆ ਸਖ਼ਤ ਨੋਟਿਸ

**ਅੰਮ੍ਰਿਤਸਰ, 3 ਮਾਰਚ (ਆਵਾਜ਼ਿ ਕੌਮ ਬਿਊਰੋ)**-ਉੱਤਰਾਖੰਡ ਦੇ ਰਿਸ਼ੀਕੇਸ਼ ਵਿਖੇ ਸਿੱਖ ਵਪਾਰੀ ਨਾਲ ਭੀੜ ਵੱਲੋਂ ਕੀਤੀ ਗਈ ਕੁੱਟਮਾਰ ਅਤੇ ਉਸਦੇ ਸ਼ੋਅਰੂਮ ਨੂੰ ਪਹੁੰਚਾਏ ਗਏ ਨੁਕਸਾਨ ਦਾ ਸਖ਼ਤ ਨੋਟਿਸ ਲੈਂਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਘਟਨਾ ਦੀ ਕਰੜੀ ਨਿੰਦਾ ਕੀਤੀ ਹੈ ਅਤੇ ਦੋਸ਼ੀ ਵਿਅਕਤੀਆਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਇਸ ਘਟਨਾ ਨੂੰ ਲੈ ਕੇ ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਧਾਮੀ ਅਤੇ ਉੱਤਰਾਖੰਡ ਪੁਲਿਸ ਨੂੰ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਲਈ ਈ-ਮੇਲ ਪੱਤਰ ਵੀ ਲਿਖਿਆ ਹੈ। ਉਨ੍ਹਾਂ ਕਿਹਾ ਕਿ ਬੀਤੇ ਕੱਲ੍ਹ ਵਾਪਰੀ ਇਸ ਘਟਨਾ ਦੀ ਵਾਇਰਲ ਵੀਡੀਓ ਤੋਂ ਸਪੱਸ਼ਟ ਹੋ ਰਿਹਾ ਹੈ ਕਿ ਭੀੜ ਵੱਲੋਂ ਸਿੱਖ ਵਪਾਰੀਆਂ ਨਾਲ ਕੁੱਟਮਾਰ ਕਰਨ ਦੇ ਨਾਲ-ਨਾਲ ਉਨ੍ਹਾਂ ਦੇ ਸ਼ੋਅਰੂਮ ਉੱਤੇ ਵੀ ਪੱਥਰਬਾਜ਼ੀ ਕਰਕੇ ਬਹੁਤ ਨੁਕਸਾਨ ਪਹੁੰਚਾਇਆ ਹੈ। ਉਨ੍ਹਾਂ ਕਿਹਾ ਕਿ ਕਿਉਂਕਿ ਭੀੜ ਵੱਲੋਂ ਸਿੱਖ ਵਪਾਰੀ ਦੀ ਦਸਤਾਰ ਉਤਾਰੀ ਗਈ ਅਤੇ ਉਸ ਦੇ ਕੇਸਾਂ ਦੀ ਬੇਅਦਬੀ ਕੀਤੀ ਗਈ, ਇਸ ਲਈ ਪੁਲਿਸ ਦੋਸ਼ੀਆਂ ਖ਼ਿਲਾਫ਼ ਦਰਜ ਕੀਤੇ ਗਏ ਪਰਚੇ ਵਿੱਚ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰਨ ਦੀਆਂ ਧਾਰਾਵਾਂ ਵੀ ਸ਼ਾਮਲ ਕਰੇ। ਕੁਲਵੰਤ ਸਿੰਘ ਮੰਨਣ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਪੀੜਤ ਸਿੱਖ ਨਾਲ ਗੱਲਬਾਤ ਕੀਤੀ ਗਈ ਹੈ ਅਤੇ ਸਿੱਖ ਸੰਸਥਾ ਉਸ ਦੇ ਨਾਲ ਖੜ੍ਹੀ ਹੈ। ਉਨ੍ਹਾਂ ਕਿਹਾ ਕਿ ਸਿੱਖ ਵਪਾਰੀ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਇਸ ਘਟਨਾ ਪਿੱਛੇ ਸਥਾਨਕ ਕਾਂਗਰਸ ਕੌਂਸਲਰ ਦਾ ਹੱਥ ਹੈ ਜੋ ਪਿਛਲੇ ਸਮੇਂ ਤੋਂ ਇਨ੍ਹਾਂ ਸਿੱਖ ਵਪਾਰੀਆਂ ਨੂੰ ਤੰਗ-ਪਰੇਸ਼ਾਨ ਵੀ ਕਰਦਾ ਆ ਰਿਹਾ ਹੈ। ਆਪਣੇ ਪੱਤਰ ਵਿੱਚ ਸ਼੍ਰੋਮਣੀ ਕਮੇਟੀ ਮੁੱਖ ਸਕੱਤਰ ਨੇ ਉੱਤਰਾਖੰਡ ਦੇ ਮੁੱਖ ਮੰਤਰੀ ਤੋਂ ਮੰਗ ਕੀਤੀ ਹੈ ਕਿ ਉਹ ਸੂਬੇ ਦੀ ਪੁਲਿਸ ਨੂੰ ਆਦੇਸ਼ ਕਰਨ ਕਿ ਇਸ ਘਟਨਾ ਦੀ ਨਿਰਪੱਖ ਜਾਂਚ ਹੋਵੇ ਅਤੇ ਦੋਸ਼ੀ ਵਿਅਕਤੀਆਂ ਦੀ ਪਛਾਣ ਕਰਕੇ ਤੁਰੰਤ ਗ੍ਰਿਫ਼ਤਾਰ ਕੀਤੇ ਜਾਣ। ਉਨ੍ਹਾਂ ਸਰਕਾਰਾਂ ਨੂੰ ਸਮੁੱਚੇ ਦੇਸ਼ ਅੰਦਰ ਘੱਟਗਿਣਤੀ ਸਿੱਖਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਵੀ ਆਖਿਆ।




## ਸ੍ਰੀ ਦਰਬਾਰ ਸਾਹਿਬ 'ਚ ਲੱਗਿਆ 4 ਪੰਖਿਆਂ ਵਾਲਾ 14 ਫੁੱਟ ਦਾ ਪੱਖਾ

**ਅੰਮ੍ਰਿਤਸਰ, 3 ਮਾਰਚ (ਆਵਾਜ਼ਿ ਕੌਮ ਬਿਊਰੋ)**-ਸ੍ਰੀ ਦਰਬਾਰ ਵਿਖੇ ਗਰਮੀ ਦੇ ਮੱਦੇਨਜ਼ਰ ਸ਼ਰਧਾਲੂਆਂ ਦੀ ਸਹੂਲਤ ਲਈ ਇੱਕ ਪੱਖਾ ਭੇਂਟ ਕੀਤਾ ਗਿਆ ਹੈ, ਜਿਸ ਨੂੰ ਸ੍ਰੀ ਹਰਮੰਦਿਰ ਸਾਹਿਬ ਦੀ ਦਰਸ਼ਨੀ ਡਿਓਡੀ ਵਿੱਚ ਲਾਇਆ ਗਿਆ ਹੈ। ਪੱਖੇ ਦੀ ਖਾਸੀਅਤ ਇਹ ਹੈ ਕਿ ਇਹ 14 ਫੁੱਟ ਦਾ ਪੱਖਾ ਹੈ, ਜਿਸ ਦੇ 4 ਪੰਖੇ ਹਨ। ਇਹ ਸੇਵਾ ਇੱਕ ਸਿੱਖ ਪਰਿਵਾਰ ਵੱਲੋਂ ਕੀਤੀ ਗਈ ਹੈ। ਗੁਰਪ੍ਰੀਤ ਸਿੰਘ ਅਤੇ ਸੁਖਵਿੰਦਰ ਸਿੰਘ ਨੇ ਕਿਹਾ ਕਿ ਉਹ ਧੰਨਵਾਦ ਹਨ ਗੁਰੂ ਘਰ ਦੇ ਪ੍ਰਬੰਧਕਾਂ ਦਾ, ਜਿਨ੍ਹਾਂ ਨੇ ਉਨ੍ਹਾਂ ਨੂੰ ਇਸ ਸੇਵਾ ਦਾ ਮੌਕਾ ਦਿੱਤਾ। ਉਨ੍ਹਾਂ ਕਿਹਾ ਕਿ ਸਾਨੂੰ ਖੁਦ ਵੀ ਸੰਗਤ ਦੀ ਸੇਵਾ ਕਰਨ ਦੀ ਲਾਲਸਾ ਸੀ, ਜੋ ਅਸੀ ਪੱਖੇ ਨਾਲ ਕੁੱਝ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਪੱਖਾ ਸਲੋਅ ਮੋਸ਼ਨ ਹੈ ਅਤੇ ਠੰਢੀ ਹਵਾ ਦਿੰਦਾ ਹੈ। ਇਹ 14 ਫੁੱਟ ਦਾ ਪੱਖਾ ਹੈ ਅਤੇ 4000 ਸਕੁਏਅਰ ਫੁੱਟ ਖੇਤਰ ਹਵਾ ਦਿੰਦਾ ਹੈ। ਇਹ ਪੱਖਾ ਸਿੰਗਲ ਫੇਜ ਦਾ ਹੈ, ਜੋ ਕਿ ਬਿਜਲੀ ਦੀ ਖਪਤ ਵੀ ਘੱਟ ਕਰਦਾ ਹੈ ਅਤੇ ਇਸ ਦੇ 4 ਪੰਖੇ ਹਨ।



## ਪੰਜਾਬ ਵਾਸੀਆਂ ਲਈ ਖ਼ਤਰੇ ਦੀ ਘੰਟੀ, ਟੁੱਟਣ ਦੀ ਕਗਾਰ 'ਤੇ ਪਹੁੰਚਿਆ ਪੰਜਾਬ ਦਾ ਇਹ ਵੱਡਾ ਪੁਲ



**ਸ੍ਰੀ ਅਨੰਦਪੁਰ ਸਾਹਿਬ , 3 ਮਾਰਚ (ਆਵਾਜ਼ਿ ਕੌਮ ਬਿਊਰੋ)**-ਖਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਅਤੇ ਸਨਾਤਨ ਧਰਮ ਦੇ ਪ੍ਰਸਿੱਧ ਸ਼ਕਤੀਪੀਠ ਮਾਤਾ ਨੈਣਾ ਦੇਵੀ ਜਿਹੇ ਆਸਥਾ ਭਰਪੂਰ ਅਸਥਾਨਾਂ ਨੂੰ ਦੁਆਬੇ ਅਤੇ ਮਾਝੇ ਨਾਲ ਜੋੜਨ ਵਾਲਾ ਮਹਿਜ ਇਕੋ-ਇਕ ਮਾਰਗ ਸ੍ਰੀ ਅਨੰਦਪੁਰ ਸਾਹਿਬ-ਟੂ ਗੜ੍ਹਸ਼ੰਕਰ ਹੀ ਹੈ। ਇਸੇ ਮਾਰਗ 'ਤੇ ਕਸਬਾ ਸ੍ਰੀ ਅਨੰਦਪੁਰ ਸਾਹਿਬ ਤੋਂ ਕਰੀਬ 7 ਕਿ.ਮੀ. ਪਿੱਛੇ ਪੰਜਾਬ ਦਾ ਸਭ ਤੋਂ ਵੱਡਾ ਪੁਲ ਸਤਲੁਜ ਦਰਿਆ ਅਤੇ ਸੁਆਂ ਨਦੀ 'ਤੇ ਸਥਿਤ ਹੈ। ਸੁਆਂ ਨਦੀ ਅਤੇ ਸਤਲੁਜ ਦਾ ਸੰਗਮ ਹੋਣ ਕਾਰਨ ਇਸ ਥਾਂ ਨੂੰ ਦੁਮੇਲ ਦਾ ਪੱਤਣ ਕਰਕੇ ਵੀ ਜਾਣਿਆ ਜਾਂਦਾ ਹੈ। ਇਸ ਪੱਤਣ ਉੱਤੇ ਬਣੇ ਸੂਬੇ ਦੇ ਸਭ ਤੋਂ ਲੰਬੇ ਪੁਲ ਦੀ ਲੰਬਾਈ 1006 ਮੀਟਰ (1 ਕਿ.ਮੀ.) ਅਤੇ ਚੌੜਾਈ 10 ਮੀਟਰ ਹੈ। ਚਾਰ ਦਹਾਕਿਆਂ ਤੋਂ ਮੌਜੂਦ ਇਸ ਲੰਮੇ ਪੁਲ ਦੇ ਹੇਠ 70-70 ਫੁੱਟ ਡੂੰਘੀਆਂ ਕੁੱਲ੍ਹ 21 ਖੂਹੀਆਂ ਸਥਾਪਤ ਹਨ। ਕਿਸੇ ਵੇਲੇ ਇਨ੍ਹਾਂ ਖੂਹੀਆਂ ਦੇ ਬਰਾਬਰਲੇ ਤਲ ਤੱਕ ਦਾ ਹਿੱਸਾ ਜ਼ਮੀਨੀ ਤਲ ਦੇ ਸਮਤਲ ਸੀ ਅਤੇ ਸਤਲੁਜ ਤੇ ਸੁਆਂ ਨਦੀ ਦਾ ਵਹਾਅ ਇਨ੍ਹਾਂ ਤੋਂ ਕਈ ਗਜ਼ ਦੂਰ ਵਗਦਾ ਹੁੰਦਾ ਸੀ ਪਰ ਮਾਈਨਿੰਗ ਮਾਫ਼ੀਏ ਕਾਰਨ 50 ਤੋਂ 80 ਫੁੱਟ ਤੱਕ ਦੀ ਡੂੰਘਾਈ ਤੱਕ ਇਥੋਂ ਰੇਤ, ਬਜਰੀ ਅਤੇ ਪੱਥਰ ਆਧੁਨਿਕ ਮਸ਼ੀਨਾਂ ਨਾਲ ਚੁੱਕ ਕੇ ਇਸ ਦਾ ਪੱਧਰ ਪੁਲ ਹੇਠਲੀਆਂ ਖੂਹੀਆਂ ਦੇ ਬੁਨਿਆਦੀ ਤਲ ਤੱਕ ਲਿਆਂਦਾ ਗਿਆ ਹੈ। ਕਈ ਖੂਹੀਆਂ ਦੀ ਹੇਠਲੀ ਜ਼ਮੀਨ ਡੂੰਘੇ ਖਾਰ ਪੈਣ ਨਾਲ ਰੁੜ੍ਹ ਚੁੱਕੀ ਹੈ ਅਤੇ ਇਹ ਖੂਹੀਆਂ ਜ਼ਮੀਨੀ ਤਲ ਤੋਂ ਕਿਤੇ ਉੱਚੀਆਂ ਦਿਸ ਰਹੀਆਂ ਹਨ। ਵਿਭਾਗੀ ਨਿਯਮਾਂ ਅਨੁਸਾਰ ਕਿਸੇ ਵੀ ਪੁਲ ਜਾਂ ਬੰਨ੍ਹ ਤੋਂ ਖੋਦਾਈ ਕਰਨੀ ਗੈਰ-ਕਾਨੂੰਨੀ ਮੰਨੀ ਗਈ ਹੈ ਪਰ ਮਾਈਨਿੰਗ ਮਾਫ਼ੀਏ ਅੱਗੇ ਸਾਰੀ ਕਾਨੂੰਨੀ ਪ੍ਰਕਿਰਿਆ ਦਮ ਤੋੜ ਚੁੱਕੀ ਹੈ। ਕਦੇ ਇਸ ਦਾ ਰਮਣੀਕ ਨਜ਼ਾਰਾ ਕੁਦਰਤੀ ਨਜ਼ਾਰਿਆਂ ਦੀ ਲਾਮਿਸਾਲ ਤਸਵੀਰ ਸਿਰਜਦਾ ਹੁੰਦਾ ਸੀ ਅਤੇ ਇਹ ਥਾਂ ਵਾਤਾਵਰਣ ਪ੍ਰੇਮੀਆਂ ਲਈ ਵੱਡੇ ਖਿੱਚ ਦਾ ਕੇਂਦਰ ਬਣੀ ਹੋਈ ਸੀ ਪਰ ਅਜੋਕੀ ਤ੍ਰਾਸਦੀ ਨੇ ਇਸ ਨੂੰ ਮਾਈਨਿੰਗ ਮਾਫ਼ੀਏ ਦੀ ਹੱਬ ਵਜੋਂ ਵਿਕਸਿਤ ਕਰਕੇ ਇਸ ਦਾ ਪੁਰਾਤਨ ਸੁੰਦਰ ਸਰੂਪ ਖ਼ਤਮ ਕਰ ਦਿੱਤਾ ਹੈ। ਇਸ ਪੁਲ ਦੇ ਆਸ-ਪਾਸ ਅਤੇ ਹੇਠਾਂ ਲੰਮੇ ਅਰਸੇ ਤੋਂ ਵੱਡੇ ਪੈਮਾਨੇ 'ਤੇ ਹੋ ਰਹੀ ਨਾਜਾਇਜ਼ ਮਾਈਨਿੰਗ ਨੇ ਨਾਂ ਸਿਰਫ਼ ਸਤਲੁਜ ਦਰਿਆ ਤੇ ਸੁਆਂ ਨਦੀ ਨੂੰ ਕਰੂਪ ਕਰ ਦਿੱਤਾ ਹੈ ਸਗੋਂ ਖੇਤਰ ਦੇ ਲੋਕਾਂ ਵੱਲੋਂ ਵੱਡੇ ਸੰਘਰਸ਼ 'ਤੇ ਹੋਂਦ 'ਚ ਆਇਆ ਇਹ ਪੁਲ ਟੁੱਟਣ ਦੀ ਕਗਾਰ 'ਤੇ ਆ ਚੁੱਕਾ ਹੈ।

## 32 ਸਾਲ ਬਾਅਦ ਇਨਸਾਫ਼! ਤਰਨਤਾਰਨ ਦਾ ਇੱਕ ਹੋਰ ਪੁਲਿਸ ਮੁਕਾਬਲਾ ਨਿਕਲਿਆ ਫਰਜ਼ੀ, ਦੋ ਸਾਬਕਾ ਪੁਲਿਸ ਅਧਿਕਾਰੀ ਦੋਸ਼ੀ ਕਰਾਰ

**ਮੁਹਾਲੀ, 3 ਮਾਰਚ (ਆਵਾਜ਼ਿ ਕੌਮ ਬਿਊਰੋ)**-ਸੀਬੀਆਈ ਮੋਹਾਲੀ ਅਦਾਲਤ ਨੇ 1993 'ਚ ਪੰਜਾਬ ਪੁਲਿਸ ਦੇ ਇੱਕ ਹੋਰ ਮੁਕਾਬਲੇ ਨੂੰ ਫਰਜ਼ੀ ਕਰਾਰ ਦਿੱਤਾ ਹੈ। ਅਦਾਲਤ ਦਾ ਇਹ ਫੈਸਲਾ 32 ਸਾਲ ਬਾਅਦ ਆਇਆ ਹੈ। ਫੈਸਲੇ ਵਿੱਚ ਤਰਨਤਾਰਨ ਦੇ ਦੋ ਸਾਬਕਾ ਪੁਲਿਸ ਅਧਿਕਾਰੀਆਂ ਸੀਤਾ ਰਾਮ ਉਸ ਸਮੇਂ ਐਸਐਚਓ ਪੱਟੀ ਅਤੇ ਰਾਜਪਾਲ ਉਸ ਸਮੇਂ ਪੁਲਿਸ ਸਟੇਸ਼ਨ ਪੱਟੀ ਵਿੱਚ ਤਾਇਨਾਤ ਸਨ, ਨੂੰ ਦੋਸ਼ੀ ਠਹਿਰਾਇਆ ਗਿਆ ਹੈ। ਦੱਸ ਦਈਏ ਕਿ ਤਰਨਤਾਰਨ ਪੁਲਿਸ ਨੇ 1993 ਵਿੱਚ ਦੋ ਨੌਜਵਾਨਾਂ ਨੂੰ ਮ੍ਰਿਤਕ ਦਿਖਾਇਆ ਸੀ, ਜਿਸ ਵਿੱਚ ਕੇਸ ਦੀ ਪੈਰਵਾਈ ਦੌਰਾਨ 11 ਪੁਲਿਸ ਅਧਿਕਾਰੀਆਂ 'ਤੇ ਅਗਵਾ, ਗੈਰ-ਕਾਨੂੰਨੀ ਹਿਰਾਸਤ ਅਤੇ ਕਤਲ ਦਾ ਦੋਸ਼ ਲਗਾਇਆ ਗਿਆ ਸੀ ਪਰ 4 ਦੀ ਸੁਣਵਾਈ ਦੌਰਾਨ ਮੌਤ ਹੋ ਗਈ ਸੀ। ਸੀਬੀਆਈ ਨੇ 1995 ਵਿੱਚ ਦਿੱਤੇ ਗਏ ਸੁਪਰੀਮ ਕੋਰਟ ਦੇ ਹੁਕਮਾਂ ਦੇ ਆਧਾਰ 'ਤੇ ਇਸ ਮਾਮਲੇ ਵਿੱਚ ਜਾਂਚ ਕੀਤੀ ਸੀ। ਸ਼ੁਰੂ ਵਿੱਚ ਸੀਬੀਆਈ ਨੇ ਮੁੱਢਲੀ ਜਾਂਚ ਕੀਤੀ ਅਤੇ 27.11.1996 ਨੂੰ ਇੱਕ ਗਿਆਨ ਸਿੰਘ ਦਾ ਬਿਆਨ ਦਰਜ ਕੀਤਾ ਗਿਆ ਅਤੇ ਬਾਅਦ ਵਿੱਚ ਫਰਵਰੀ 1997 ਵਿੱਚ, ਸੀਬੀਆਈ ਦੁਆਰਾ ਜੰਮੂ ਵਿਖੇ ਪੀਪੀ ਕੈਰੋਂ ਅਤੇ ਪੀਐਸ ਪੱਟੀ ਦੇ ਏਐਸਆਈ ਨੌਰੰਗ ਸਿੰਘ ਅਤੇ ਹੋਰਾਂ ਵਿਰੁੱਧ ਕੇਸ ਦਰਜ ਕੀਤਾ ਗਿਆ। ਸੀਬੀਆਈ ਦੇ ਸਰਕਾਰੀ ਵਕੀਲ ਅਨਮੋਲ ਨਾਰੰਗ ਨੇ ਦੱਸਿਆ ਕਿ ਦੋਸ਼ੀ ਸੀਤਾ ਰਾਮ ਉਮਰ 80 ਸਾਲ ਹੈ, ਜਿਸ ਨੂੰ ਆਈਪੀਸੀ ਦੀ ਧਾਰਾ 302,201 ਅਤੇ 218 ਦੇ ਤਹਿਤ ਅਪਰਾਧ ਕਰਨ ਲਈ ਦੋਸ਼ੀ ਠਹਿਰਾਇਆ ਗਿਆ ਹੈ ਅਤੇ ਰਾਜਪਾਲ ਉਮਰ ਲਗਭਗ 57 ਸਾਲ ਹੈ, ਜਿਸ ਨੂੰ ਧਾਰਾ 201 ਅਤੇ 120-ਬੀ ਦੇ ਤਹਿਤ ਕੀਤੇ ਗਏ ਅਪਰਾਧ ਲਈ ਦੋਸ਼ੀ ਠਹਿਰਾਇਆ ਗਿਆ ਹੈ। ਸੀਬੀਆਈ ਦੇ ਵਕੀਲ ਨੇ ਅੱਗੇ ਕਿਹਾ ਕਿ ਸੀਬੀਆਈ (329) ਨੇ ਸੁਪਰੀਮ ਕੋਰਟ ਦੇ ਹੁਕਮਾਂ ਦੇ ਆਧਾਰ 'ਤੇ ਜਾਂਚ ਕੀਤੀ, ਜੋ ਇਹ ਸਾਬਤ ਕਰਦੇ ਹਨ ਕਿ 30.1.1993 ਨੂੰ ਗੁਰਦੇਵ ਸਿੰਘ ਉਰਫ਼ ਦੇਬਾ ਪੁੱਤਰ ਗਿਆਨ ਸਿੰਘ ਵਾਸੀ ਗਲੀਲੀਪੁਰ, ਤਰਨਤਾਰਨ ਨੂੰ ਪੁਲਿਸ ਚੌਕੀ ਕਰਨ, ਤਰਨਤਾਰਨ ਦੇ ਇੰਚਾਰਜ ਏਐਸਆਈ ਨੌਰੰਗ ਸਿੰਘ ਦੀ ਅਗਵਾਈ ਵਾਲੀ ਪੁਲਿਸ ਪਾਰਟੀ ਦੁਆਰਾ ਉਸਦੀ ਰਿਹਾਇਸ਼ ਤੋਂ ਚੁੱਕਿਆ ਗਿਆ ਸੀ ਅਤੇ ਇਸ ਤੋਂ ਬਾਅਦ 05.02.1993 ਨੂੰ ਇੱਕ ਹੋਰ ਨੌਜਵਾਨ ਸੁਖਵੰਤ ਸਿੰਘ ਨੂੰ ਏਐਸਆਈ ਦੀਦਾਰ ਸਿੰਘ ਦੀ ਅਗਵਾਈ ਵਾਲੀ ਪੁਲਿਸ ਪਾਰਟੀ ਵੱਲੋਂ ਪੀਐਸ ਪੱਟੀ, ਤਰਨਤਾਰਨ ਦੇ ਪਿੰਡ ਬਾਹਮਣੀਵਾਲਾ, ਤਰਨਤਾਰਨ ਵਿਖੇ ਉਸਦੀ ਰਿਹਾਇਸ਼ ਤੋਂ ਚੁੱਕਿਆ ਗਿਆ ਸੀ। ਬਾਅਦ ਵਿੱਚ ਦੋਵਾਂ ਨੂੰ 6.2.1993 ਨੂੰ ਥਾਣਾ ਪੱਟੀ ਦੇ ਭਾਗੂਪੁਰ ਖੇਤਰ ਵਿੱਚ ਇੱਕ ਮੁਕਾਬਲੇ ਵਿੱਚ ਮਾਰੇ ਗਏ ਦਿਖਾਇਆ ਗਿਆ ਅਤੇ ਮੁਕਾਬਲੇ ਦੀ ਕਹਾਣੀ ਬਣਾ ਕੇ ਥਾਣਾ ਪੱਟੀ, ਤਰਨਤਾਰਨ ਵਿਖੇ ਕੇਸ/ਐਫਆਈਆਰ ਨੰਬਰ 9/1993 ਦਰਜ ਕੀਤਾ ਗਿਆ। ਦੋਵਾਂ ਮ੍ਰਿਤਕਾਂ ਦੀਆਂ ਲਾਸ਼ਾਂ ਦਾ ਸਸਕਾਰ ਬਿਨਾਂ ਕਿਸੇ ਲਾਵਾਰਿਸ ਹਾਲਤ ਵਿੱਚ ਕਰ ਦਿੱਤਾ ਗਿਆ ਅਤੇ ਪਰਿਵਾਰਾਂ ਨੂੰ ਨਹੀਂ ਸੌਂਪਿਆ ਗਿਆ। ਉਸ ਸਮੇਂ ਪੁਲਿਸ ਵੱਲੋਂ ਦਾਅਵਾ ਕੀਤਾ ਗਿਆ ਸੀ ਕਿ ਦੋਵੇਂ ਕਤਲ, ਜ਼ਬਰਦਸਤੀ ਆਦਿ ਦੇ 300 ਮਾਮਲਿਆਂ ਵਿੱਚ ਸ਼ਾਮਲ ਸਨ ਪਰ ਸੀਬੀਆਈ ਜਾਂਚ ਦੌਰਾਨ ਇਹ ਤੱਥ ਗਲਤ ਪਾਇਆ ਗਿਆ।



## ਐਸ. ਕੇ. ਐਮ. ਤੇ ਸਰਕਾਰ ਵਿਚਾਲੇ ਨਹੀਂ ਬਣੀ ਸਹਿਮਤੀ, ਕਿਸਾਨ ਲੀਡਰਾਂ ਦਾ ਦਾਅਵਾ

**ਚੰਡੀਗੜ੍ਹ, 3 ਮਾਰਚ (ਆਵਾਜ਼ਿ ਕੌਮ ਬਿਊਰੋ)**-ਸੰਯੁਕਤ ਕਿਸਾਨ ਮੋਰਚਾ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵਿਚਕਾਰ ਲਗਭਗ ਦੋ ਘੰਟੇ ਚੱਲੀ ਮੀਟਿੰਗ ਖਤਮ ਹੋ ਗਈ ਹੈ। ਹਾਲਾਂਕਿ, ਮੀਟਿੰਗ ਵਿੱਚ ਕਿਸੇ ਵੀ ਮੁੱਦੇ 'ਤੇ ਸਹਿਮਤੀ ਨਹੀਂ ਬਣ ਸਕੀ। ਕਿਸਾਨ ਆਗੂ ਜੋਗਿੰਦਰ ਸਿੰਘ ਉਗਰਾਹਾਂ ਨੇ ਐਲਾਨ ਕੀਤਾ ਕਿ ਕਿਸਾਨ 5 ਤਰੀਕ ਨੂੰ ਚੰਡੀਗੜ੍ਹ ਵਿੱਚ ਵਿਰੋਧ ਪ੍ਰਦਰਸ਼ਨ ਕਰਨਗੇ। ਕਿਸਾਨਾਂ ਦਾ ਦੋਸ਼ ਹੈ ਕਿ ਮੁੱਖ ਮੰਤਰੀ ਗੁੱਸੇ ਵਿੱਚ ਆ ਗਏ ਅਤੇ ਮੀਟਿੰਗ ਵਿਚਕਾਰੋਂ ਹੀ ਚਲੇ ਗਏ। ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਮੀਡੀਆ ਸਾਹਮਣੇ ਦੱਸਿਆ ਕਿ ਮੁੱਖ ਮੰਤਰੀ ਨੂੰ ਕਿਸੇ ਗੱਲ ਉੱਤੇ ਗ਼ੁੱਸਾ ਆ ਗਿਆ ਤੇ ਧਰਨੇ ਦੀ ਗੱਲ ਉੱਤੇ ਕਿਹਾ ਕਿ ਜੋ ਕਰਨਾ ਕਰ ਲਵੋ। ਇਸ ਤੋਂ ਬਾਅਦ ਕਿਸਾਨਾਂ ਨੇ ਕਿਹਾ ਕਿ ਉਹ ਹੁਣ 5 ਮਾਰਚ ਨੂੰ ਚੰਡੀਗੜ੍ਹ ਵੱਲ ਕੂਚ ਕਰਨਗੇ ਇਸ ਮੌਕੇ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਅੱਧੀਆਂ ਮੰਗਾਂ ਬਾਬਤ ਚਰਚਾ ਹੋ ਗਈ ਸੀ ਤੇ ਇਸ ਤੋਂ ਬਾਅਦ ਮੁੱਖ ਮੰਤਰੀ ਨੇ ਕਿਹਾ ਕਿ ਧਰਨੇ ਨਾ ਲਾਇਆ ਕਰੋ ਤੇ ਆਪਣੇ 5 ਮਾਰਚ ਵਾਲੇ ਪ੍ਰੋਗਰਾਮ ਬਾਰੇ ਦੱਸੋ, ਜਿਸ ਤੋਂ ਬਾਅਦ ਕਿਸਾਨਾਂ ਨੇ ਕਿਹਾ ਕਿ ਉਨ੍ਹਾਂ ਨੇ ਪ੍ਰੋਗਰਾਮ ਉਲੀਕਿਆ ਹੋਇਆ ਹੈ ਤੇ ਮੰਗਾਂ ਉੱਤੇ ਚਰਚਾ ਹੋਣ ਬਾਅਦ ਹੀ ਇਸ ਬਾਰੇ ਕੋਈ ਫੈਸਲਾ ਲਿਆ ਜਾਵੇਗਾ ਇਸ ਤੋਂ ਬਾਅਦ ਮੁੱਖ ਮੰਤਰੀ ਮੀਟਿੰਗ ਛੱਡਕੇ ਚਲੇ ਗਏ। ਉਹ ਕਹਿ ਗਏ ਕਿ ਜੇ ਹੁਣ ਉਹ 5 ਮਾਰਚ ਵਾਲਾ ਮਾਰਚ ਕਰਨਗੇ ਤਾਂ ਮੰਗੀਆਂ ਹੋਈਆਂ ਮੰਗਾਂ ਵੀ ਰੱਦ ਕਰ ਦਿੱਤੀਆਂ ਜਾਣਗੀਆਂ। ਇਸ ਮੌਕੇ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਉੱਚੇ ਅਹੁਦੇ ਉੱਤੇ ਬੈਠਾ ਬੰਦਾ ਇਹ ਕਹਿ ਦੇਵੇ ਕਿ 5 ਤਾਰੀਕ ਨੂੰ ਜੋ ਕਰਨਾ ਕਰ ਲਵੋ, ਜੋ ਮੰਗਾਂ ਪਹਿਲਾਂ ਮੰਗੀਆਂ ਨੇ ਉਹ ਵੀ ਰੱਦ ਕੀਤੀਆਂ ਜਾਂਦੀਆਂ ਹਨ। ਉਨ੍ਹਾਂ ਨੇ ਕਿਹਾ ਕਿ 5 ਮਾਰਚ ਵਾਲਾ ਉਨ੍ਹਾਂ ਦਾ ਮੋਰਚਾ ਪੱਕਾ ਹੈ ਉਹ ਪ੍ਰਦਰਸ਼ਨ ਜ਼ਰੂਰ ਕਰਨਗੇ। ਇਹ ਹੁਣ ਸਰਕਾਰ ਦਾ ਕਿ ਉਨ੍ਹਾਂ ਨੂੰ ਚੰਡੀਗੜ੍ਹ ਆਉਣ ਦਿੰਦੀ ਹੈ ਜਾਂ ਫਿਰ ਰਾਹ ਵਿੱਚ ਰੋਕਦੀ ਹੈ ਜਾਂ ਘਰਾਂ ਤੋਂ ਹੀ ਗ੍ਰਿਫ਼ਤਾਰ ਕਰੇਗੀ ਪਰ ਉਨ੍ਹਾਂ ਦੀ ਤਿਆਰੀ ਪੂਰੀ ਹੈ।



### ਅਕਾਲ ਤਖਤ ਸਾਹਿਬ ਦੇ ਆਦੇਸ਼ਾਂ ਨੂੰ ਲਾਗੂ ਕਰਾਉਣਾ, ਸ਼੍ਰੋਮਣੀ ਕਮੇਟੀ ਦਾ ਮੁੱਢਲਾ ਫਰਜ਼

# ਜੇ ਸ਼੍ਰੋਮਣੀ ਕਮੇਟੀ ਨਹੀਂ ਕਰਦੀ ਤਾਂ ਖਾਲਸਾ ਪੰਥ ਲਾਗੂ ਕਰਾਵੇ - ਭਾਈ ਕਪਤਾਨ ਸਿੰਘ ਮੁਖ ਬੁਲਾਰਾ ਇੰਟਰਨੈਸ਼ਨਲ ਪੰਥਕ ਦਲ ਯੂ ਕੇ







ਬ੍ਰਮਿੰਘਮ ਸਮੈਦਿਕ (ਆਵਜਿ ਕੌਮ ਬਿਊਰੋ)

**ਅੰਮ੍ਰਿਤਸਰ ਦੀ ਧਰਤ ਸੁਹਾਵੀ ਨਗਰੀ ਬੜੀ ਨਿਰਾਲੀ ਏ,**
**ਟੁਕੜੀ ਹੈ ਸੱਚਖੰਡ ਦੀ ਰੱਬ ਇਸ ਦਾ ਵਾਲੀ ਏ**
**ਗੁਰੂਆਂ ਦੀ ਫੁਲਵਾੜੀ ਇੱਥੇ ਤੇ ਪੰਥ ਇਸ ਦਾ ਮਾਲੀ ਏ**
**ਛੇਵੇਂ ਸਤਿਗੁਰੂ ਹਰਗੋਬਿੰਦ ਦੀ ਆਈ ਜਦ ਵਾਰੀ ਸੀ**
**ਜੋੜੀ ਮੀਰੀ ਪੀਰੀ ਉਹਨਾਂ ਕੀਤੀ ਗੱਲ ਨਿਆਰੀ ਸੀ ਹਰਿਮੰਦਰ ਦੇ ਸਾਵੇ ਉਹਨੇ ਕੀਤੀ ਨਵੀਂ ਉਸਾਰੀ ਸੀ ਸ਼ਿਹਨਸ਼ਾਹ ਦੇ ਵਾਂਗ**
**ਬਣਾਇਆ ਅਕਾਲ ਤਖਤ ਇਕ ਭਾਰੀ ਸੀ ਹਰਿਮੰਦਰ ਦੇ ਸਾਵੇ ਕੀਤੀ ਨਵੀਂ ਉਸਾਰੀ ਸੀ**
**ਸ਼ਿਹਨਸ਼ਾਹ ਦੇ ਵਾਂਗ ਬਣਾਇਆ ਤਖਤ ਅਕਾਲ ਦਾ ਭਾਰੀ ਸੀ**

ਅਕਾਲ ਤਖਤ ਦੀ ਸਰਬਉੱਚਤਾ ਅਕਾਲ ਤਖਤ ਸਾਹਿਬ ਦੇ ਸਿਧਾਂਤ ਨੂੰ ਸਮਰਪਿਤ ਅੱਜ ਦੇ ਇਕੱਠ ਵਿੱਚ ਗੁਰੂ ਖਾਲਸਾ ਜੀ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ ਸੋ ਆਪਾਂ ਨੂੰ ਪਤਾ ਜੋ ਪਿਛਲੇ ਦਿਨਾਂ ਦੇ ਵਿੱਚ ਘਟਨਾਵਾਂ ਵਾਪਰੀਆਂ ਸਾਰੇ ਸਿੱਖ ਵਿਸ਼ਵ ਦਾ ਸਿੱਖ ਜਗਤ ਤੇ ਚਾਹੁੰਦਾ ਸੀ ਸ੍ਰੀ ਅਕਾਲ ਤਖਤ ਸਾਹਿਬ ਇਸ ਦੀ ਅਗਵਾਈ ਕਰੇ

ਸ੍ਰੀ ਅਕਾਲ ਤਖਤ ਸਾਹਿਬ ਤੋਂ ਪੰਜ ਸਿੰਘ ਸਾਹਿਬਾਨਾਂ ਨੇ ਦੋ ਦਸੰਬਰ ਨੂੰ ਜੋ ਹੁਕਮਨਾਮੇ ਕੀਤੇ ਆਦੇਸ਼ ਕੀਤੇ ਉਹਨਾਂ ਅਦੇਸ਼ਾਂ ਤੋਂ ਜਿਹੜਾ ਅਕਾਲੀ ਦਲ ਸੀ ਉਹ ਮੁਨਕਰ ਹੋਣ ਲੱਗ ਪਿਆ ਜੋ ਸੱਤ ਮੈਂਬਰੀ ਕਮੇਟੀ ਬਣਾਈ ਸੀ ਉਹਦੇ ਦੋ ਸਾਬਕਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਿਹੜੇ ਬਾਦਲਾਂ ਦੇ ਪਾਲੇ ਦੇ ਵਿੱਚ ਚਲੇ ਗਏ ਪੰਜ ਮੈਂਬਰੀ ਕਮੇਟੀ ਜਿਹੜੀ ਉਹ ਰਹਿ ਗਈ ਇਹਦੇ ਤੇ ਵਿਚਾਰਨ ਦੀ ਗੱਲ ਇਹ ਹੈ ਸਾਧ ਸੰਗਤ ਇਹ ਸ੍ਰੀ ਅਕਾਲ ਤਖਤ ਸਾਹਿਬ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ

ਆਵਾਜ਼ਿ ਕੌਮ
AWAZE QAUM
International Newspaper & WEB TV

ਇੱਥੇ ਜਿਹਦਾ ਵੀ ਕਬਜ਼ਾ ਹੋਇਆ ਉਹਨਾਂ ਨੇ ਮਨਮਰਜੀਆਂ ਕੀਤੀਆਂ ਭਾਵੇ ਉਹ ਰਾਮ ਰਾਈਏ ਸੀ ਭਾਵੇਂ ਉਹ ਧੀਰ ਮਲੀਏ ਸੀ ਭਾਵੇਂ ਉਹ ਮਹੰਤ ਸੀ ਪ੍ਰਿਥੀ ਚੰਦ ਵਰਗਿਆਂ ਕੋਲ ਜਦੋਂ ਪ੍ਰਬੰਧ ਆਇਆ ਤੇ ਗੁਰੂ ਅਰਜਨ ਦੇਵ ਸੱਚੇ ਪਾਤਸ਼ਾਹ ਦੀਆਂ ਰਸਤਾ ਰੋਕ ਦਿੱਤੀਆਂ ਤੇ ਬਾਬਾ ਬੁੱਢਾ ਸਾਹਿਬ ਨੂੰ ਸ਼ਹਿਰ ਦੇ ਬਾਹਰ ਜਾ ਕੇ ਪੱਲਾ ਦੇ ਕੇ ਹੋਕਾ ਦੇਣਾ ਪਿਆ ਗਵਾਲੀਵਾਰ ਦੇ ਕਿਲੇ ਚ ਗੁਰੂ ਹਰਗੋਬਿੰਦ ਸੱਚੇ ਪਾਤਸ਼ਾਹ ਕਹਿੰਦੇ ਨੇ ਬਾਬਾ ਬੁੱਢਾ ਸਾਹਿਬ ਜੀ ਨੇ ਅਗਵਾਈ ਕੀਤੀ ਸ਼ਬਦ ਚੌਂਕੀਆਂ ਜਿਹੜੀਆਂ ਕੱਢੀਆਂ ਮੇਰੇ ਕਹਿਣ ਦਾ ਭਾਵ ਜਦੋਂ ਵੀ ਇਥੇ ਕੋਈ ਆਪਣਾ ਹੱਕ ਜਿਤਾਉਣ ਲੱਗਦਾ ਉਦੋਂ ਪੰਥ ਦੀ ਵਾਰੀ ਆਉਂਦੀ ਤੇ ਪੰਥ ਉੱਠ ਕੇ ਖੜਾ ਹੁੰਦਾ ਜਿਹੜੇ ਅਕਾਲ ਤਖਤ ਸਾਹਿਬ ਦੇ ਆਦੇਸ਼ ਨੇ ਅੱਜ ਅਸੀਂ ਸਟੇਜ ਤੋਂ ਕਹਿੰਦੇ ਆਂ ਅਕਾਲੀ ਫੂਲਾ ਸਿੰਘ ਵਾਂਗੂ ਫੈਸਲੇ ਹੋਣ ਉਹਨਾਂ ਕੋਲ ਆਪਣੀ ਫੌਜ ਸੀਗੀ ਅੱਜ ਅਕਾਲ ਤਖਤ ਸਾਹਿਬ ਦੇ ਆਦੇਸ਼ ਨੂੰ ਲਾਗੂ ਕਰਾਉਣਾ ਉਹ ਸ਼੍ਰੋਮਣੀ ਕਮੇਟੀ ਦਾ ਮੁੱਢਲਾ ਫਰਜ਼ ਬਣਦਾ ਤੇ ਜੇ ਸ਼੍ਰੋਮਣੀ ਕਮੇਟੀ ਨਹੀਂ ਮੰਨਦੀ ਤੇ ਸ਼੍ਰੋਮਣੀ ਕਮੇਟੀ ਕੋਲ ਲਾਗੂ ਕਰਾਉਣਾ ਇਹ ਪੰਥ ਦਾ ਫਰਜ਼ ਬਣਦਾ ਜਿਨਾਂ ਸ਼੍ਰੋਮਣੀ ਕਮੇਟੀ ਬਣਾਈ ਹੈ

ਅੱਜ ਗੁਰੂ ਪਿਆਰੀ ਸਾਧ ਸੰਗਤ ਜੀਓ ਜਿੱਥੇ ਪੂਰੇ ਪੰਥ ਨੂੰ ਇਕੱਠਾ ਹੋਣ ਦੀ ਲੋੜ ਆ ਉਥੇ ਅਸੀਂ ਜਥੇਬੰਦੀਆਂ ਦੇ ਆਗੂਆਂ ਨੂੰ ਸੰਪਰਦਾਵਾਂ ਨੂੰ ਕੇਵਲ ਤੇ ਕੇਵਲ ਬੁਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਦੇ ਬਿਆਨ ਲੱਗੇ ਆ ਕਿਸੇ ਟਕਸਾਲ ਮੁਖੀ ਦਾ ਬਿਆਨ ਨਹੀਂ ਆਇਆ ਕਿਸੇ ਨਿਰਮਲੇ ਆਗੂ ਦਾ ਬਿਆਨ ਨਹੀਂ ਆਇਆ ਕਿਸੇ ਉਦਾਸੀਆਂ ਦਾ ਨਹੀਂ ਆਇਆ ਕਿਸੇ ਸੰਪਰਦਾਵਾਂ ਦਾ ਨਹੀਂ ਆਇਆ ਕਈ ਜਥੇਬੰਦੀਆਂ ਦਲ ਤੇ ਮੀਰੀ ਪੀਰੀ ਦੇ ਮਾਲਕ ਨੇ ਅਕਾਲ ਤਖਤ ਸਾਹਿਬ ਤੋਂ ਚਲਾਏ ਨੇ ਆਪਣੀ ਹਿੱਕ ਨਾਲ ਲਾ ਕੇ ਆਖਿਆ ਸੀ ਇਹ ਗੁਰੂ ਦਾ ਸੀਨਾ ਜੇ ਉਸ ਸੀਨੇ ਚ ਦਿਲ ਨਾ ਧੜਕੇ ਤੇ ਸੀਨਾ ਕਾਹਦਾ ਰਹਿੰਦਾ, ਇਸ ਕਰਕੇ ਮੇਰੀ ਬੇਨਤੀ ਆ ਨਿਹੰਗ ਸਿੰਘ ਜਥੇਬੰਦੀਆਂ ਨੂੰ ਤੇ ਟਕਸਾਲਾਂ ਦੇ ਮੁਖੀਆਂ ਨੂੰ ਨਿਰਮਲਿਆਂ ਨੂੰ ਉਦਾਸੀਆਂ ਨੂੰ ਵੀ ਤੁਸੀਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੇ ਨਾਲ ਹੀ ਹਰਪ੍ਰੀਤ ਸਿੰਘ ਨੇ ਇੱਕ ਗੱਲ ਕਹੀ ਸੀ ਵੀ ਜਦੋਂ ਸਾਨੂੰ ਜਥੇਦਾਰ ਬਣਾਇਆ ਜਾਂਦਾ ਤੇ ਸਾਡੇ ਸਿਰ ਤੇ ਜਿਹੜੀਆਂ ਬਹੁਤ ਵੱਡੀਆਂ ਦਸਤਾਰਾਂ ਰੱਖੀਆਂ ਜਾਂਦੀਆਂ ਤੇ ਜਦੋਂ ਦਸਤਾਰ ਲਾਹੀ ਜਾਂਦੀ ਕੋਈ ਰੁਮਾਲ ਨਾਲ ਸਿਰ ਢੱਕਣ ਵੀ ਨਹੀਂ ਆਉਂਦਾ ਅੱਜ ਜਥੇਬੰਦੀਆਂ ਦੇ ਆਗੂਆਂ ਨੂੰ ਬੇਨਤੀ ਹੈ ਨਿਮਰਤਾ ਸਹਿਤ ਬੇਨਤੀ ਹੈ ਅੱਜ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਤੁਹਾਡੀ ਦਿੱਤੀ ਹੋਈ ਦਸਤਾਰ ਨੂੰ ਤੁਹਾਡੀਆਂ ਸਜਾਈਆਂ ਦਸਤਾਰਾਂ ਨੂੰ ਅੱਜ ਇੱਕ ਜਿਹੜਾ ਸ਼੍ਰੋਮਣੀ ਅਕਾਲੀ ਦਲ ਅਕਾਲ ਤਖਤ ਸਾਹਿਬ ਤੋਂ ਬਣਿਆ ਸੀ ਮੰਨਣ ਤੋਂ ਇਨਕਾਰੀ ਹੋ ਗਿਆ ਉਹ ਅਕਾਲੀ ਦਲ ਨਹੀਂ ਉਹ ਭਗੌੜਾ ਦਲ ਜੇ ਅੱਜ ਭਗੌੜਾ ਦਲ ਤੁਹਾਡੀਆਂ ਦਿੱਤੀਆਂ ਦਸਤਾਰਾਂ ਤੇ ਅਕਾਲ ਤਖਤ ਦੇ ਸਿਧਾਂਤ ਨੂੰ ਹੱਥ ਪਾ ਰਿਹਾ ਜੇ ਅੱਜ ਬਚਾਅ ਹੁੰਦਾ ਤੇ ਇਕੱਠੇ ਹੋ ਕੇ ਬਚਾ ਲਈਏ ਨਹੀਂ ਤੇ ਆਉਣ ਵਾਲੀਆਂ ਪੀੜੀਆਂ ਸਾਨੂੰ ਮਾਫ ਨਹੀਂ ਕਰਨਗੀਆਂ ਸੰਗਤ ਰੂਪ ਵਿੱਚ ਆਪਾਂ ਇਕੱਤਰ ਹੋਈਏ ਤੇ ਨਾਲ ਨਾਲ ਜਿਨਾਂ ਨੂੰ ਖਿਤਾਬ ਮਿਲਿਆ ਸ੍ਰੀ ਅਕਾਲ ਤਖਤ ਸਾਹਿਬ ਤੋਂ ਮੈਂ ਨਿਮਰਤਾ ਸਾਹਿਬ ਗਿਆਨੀ ਪਿੰਦਰਪਾਲ ਸਿੰਘ ਨੂੰ ਬੇਨਤੀ ਕਰਦਾ ਮੈਂ ਭਾਈ ਹਰਜਿੰਦਰ ਸਿੰਘ ਸ੍ਰੀ ਨਗਰ ਵਾਲੇ ਨੂੰ ਬੇਨਤੀ ਕਰਦਾ ਹਾਂ ਬੇਨਤੀ ਕਰਦਾ ਤੁਹਾਡਾ ਬੋਲਿਆ ਹੋਇਆ ਬੋਲ ਦੁਨੀਆਂ ਦੇ ਕੋਨੇ ਕੋਨੇ ਤੱਕ ਜਾਂਦਾ ਜੇ ਉਸ ਅਕਾਲ ਤਖਤ ਦੀ ਮਾਣ ਮਰਿਆਦਾ ਨੂੰ ਕਾਇਮ ਰੱਖਣ ਵਾਸਤੇ ਤੁਸੀਂ ਵੀ ਸੰਗਤ ਦੇ ਵਿੱਚ ਆਣ ਕੇ ਬੋਲੋ ਇਹ ਮੈਂ ਪਿਛਲੇ ਇਕੱਠ ਚ ਬੇਨਤੀ ਕੀਤੀ ਸੀ ਕੀ ਬਾਦਲ ਕੋਲੋ ਫ਼ਖ਼ਰੇ ਕੌਮ ਵਾਪਸ ਲਿਆ ਜਾਵੇ ਉਹ ਜਥੇਦਾਰਾਂ ਲੈ ਲਿਆ ਅੱਜ ਮੈਂ ਭਰੇ ਇਕੱਠ ਵਿੱਚ ਬੇਨਤੀ ਕਰਦਾ ਹਾਂ ਕਿ ਉਹ ਫਕਰ ਕੌਮ ਉਹ ਭਾਈ ਗੁਰਦੇਵ ਸਿੰਘ ਕਾਉਂਕੇ ਦੇ ਪਰਿਵਾਰ ਨੂੰ ਦਿੱਤਾ ਜਾਵੇ । ਜਿਵੇਂ ਇਹਨਾਂ ਭਗੌੜੇ ਦਲ ਨੇ ਸ੍ਰੀ ਮੁਕਤਸਰ ਸਾਹਿਬ ਦੇ ਇਕੱਠ ਵਿੱਚ ਫਖਰੇ ਕੌਮ ਮੰਗਿਆ ਕੱਲ ਨੂੰ 27 ਦੀਆਂ ਇਲੈਕਸ਼ਨਾਂ ਵਿਚ ਇਹ ਇਕੱਠ ਕਰਕੇ ਮਤੇ ਪਾਸ ਕਰਨਗੇ ਫ਼ਖ਼ਰੇ ਵਾਪਸ ਦਿੱਤਾ ਜਾਵੇ ਨਾ ਰਵੇ ਬਾਂਸ ਦੇ ਨਾ ਵਜੇ ਬਾਂਸਰੀ ਉਹ ਅਕਾਲ ਤਖਤ ਤੋਂ ਫਖਰੇ ਕੌਮ ਭਾਈ ਗੁਰਦੇਵ ਸਿੰਘ ਦੇ ਪਰਿਵਾਰ ਨੂੰ ਦਿੱਤਾ ਜਾਵੇ ਜਿਹੜੇ ਹੱਕਦਾਰ ਨੇ ਉਸ ਚੀਜ਼ ਦੇ ਇਸ ਕਰਕੇ ਸਾਧ ਸੰਗਤ ਜਿੰਨੇ ਵੀ ਪ੍ਰਚਾਰਕ ਨੇ ਜਿੰਨੇ ਵੀ ਬੁਲਾਰੇ ਨੇ ਉਹਨਾਂ ਨੂੰ ਬੇਨਤੀ ਹੈ ਵੀ ਆਪੋ ਆਪਣੀ ਆਵਾਜ਼ ਬੁਲੰਦ ਕਰੋ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਕਹਿੰਦੇ ਅਕਾਲੀ ਫੂਲਾ ਸਿੰਘ ਵਰਗਾ ਹੋਵੇ ਜੇ ਆਪਾਂ ਸਾਰੇ ਉਹਨਾਂ ਦੀ ਫੌਜ ਬਣੀਏ



ਅਸੀਂ ਉਹਨਾਂ ਦੀ ਆਵਾਜ਼ ਬਣੀਏ ਕਿਵੇਂ ਕੋਈ ਅਕਾਲ ਤਖਤ ਦੇ ਸਿਧਾਂਤ ਜੀ ਹੁਕਮ ਅਦੂਲੀ ਕਰ ਲੇਗਾ ਜੇ ਜਥੇਦਾਰ ਸਾਹਿਬ ਬੜੀ ਸਹਿਜਤਾ ਦੇ ਨਾਲ ਬੜੀ ਦਲੇਰੀ ਦੇ ਨਾਲ ਗਿਆਨੀ ਰਘਬੀਰ ਸਿੰਘ ਜੀ ਫੈਸਲੇ ਲੈ ਰਹੇ ਨੇ ਇੰਗਲੈਂਡ ਵਿਸ਼ਵ ਭਰ ਦੀਆਂ ਸਿੱਖ ਸੰਗਤਾਂ ਖਾਲਸਾ ਪੰਥ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਤੁਹਾਡੇ ਨਾਲ ਜੇ ਤੁਹਾਡੇ ਨਾਲ ਖਲੋਤਾ ਹੈ ਇਹ ਇਤਿਹਾਸ ਯਾਦ ਰੱਖਿਆ ਜਾਵੇਗਾ। ਸਮੁੱਚੇ ਮੀਡੀਆ ਦਾ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਭਾਈ ਅਮਰੀਕ ਸਿੰਘ ਜੀ ਗਿੱਲ ਭਾਈ ਰਘਬੀਰ ਸਿੰਘ ਰਾਜਵਿੰਦਰ ਸਿੰਘ ਕੰਗ ਬਹੁਤ ਸੱਜਣ ਨੇ ਜਿੰਨਾਂ ਬੜੀ ਮਿਹਨਤ ਕਰਕੇ ਅੱਜ ਦਾ ਪ੍ਰੋਗਰਾਮ ਉਲੀਕਿਆ ਮੈਂ ਦਿਲ ਦੀਆਂ ਗਹਿਰਾਈਆਂ ਤੋਂ ਸਾਰਿਆਂ ਦਾ ਧੰਨਵਾਦ ਕਰਦਾ ਤੇ ਨਾਲ ਮੈਂ ਬੇਨਤੀ ਕਰਦਾ ਆ ਜਿਹੜੇ ਸ਼੍ਰੋਮਣੀ ਕਮੇਟੀ ਦੇ ਬਹੁਤੇ ਮੈਂਬਰ ਨੇ ਉਹ ਅਕਾਲੀ ਦਲ ਬਾਦਲ ਦੀਆਂ ਚੱਪਲੀਆਂ ਝਾੜਣ ਤੇ ਲੱਗੇ ਨੇ ਪਰ ਜਿਹੜੇ ਜਾਗਦੀ ਜਮੀਰ ਵਾਲੇ ਮੈਂਬਰ ਨੇ ਉਹਨਾਂ ਨੂੰ ਬੇਨਤੀ ਹੈ ਤੁਸੀਂ ਅੱਗੇ ਆਓ ਕਾਫਲੇ ਲੈ ਕੇ ਇਕੱਠ ਕਰਕੇ ਸ੍ਰੀ ਅਕਾਲ ਤਖਤ ਸਾਹਿਬ ਤੇ ਅਰਦਾਸ ਕਰੋ ਤੇ ਉਹ ਅੰਤਰਿੰਗ ਕਮੇਟੀ ਨੂੰ ਪਤਾ ਲੱਗ ਜਾਏ ਵੀ ਇਹ ਸਿੱਖ ਜੀਉਂਦੇ ਜਾਗਦੇ ਨੇ ਜਾਗਦੀ ਜਮੀਰ ਵਾਲੇ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨੂੰ ਹੱਥ ਜੋੜ ਕੇ ਬੇਨਤੀ ਆ ਤੁਸੀਂ ਅੱਗੇ ਆਓ ਨਹੀਂ ਤੇ ਤੁਹਾਡਾ ਵੀ ਉਸ ਲਾਈਨ ਦੇ ਵਿੱਚ ਨਾ ਲਿਖਿਆ ਜਾਏਗਾ ਬੇਅੰਤ ਭੁੱਲਾਂ ਦੀ ਖਿਮਾ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ।

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਵਾਹਿਗੁਰੂ ਜੀ ਕਾ ਖਾਲਸਾ।
ਵਾਹਿਗੁਰੂ ਜੀ ਕੀ ਫਤਿਹ॥

# 6 ਮਾਰਚ ਦਿਨ ਵੀਰਵਾਰ ਨੂੰ ਸਵੇਰੇ 9 ਵਜੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਗੁਰੂ ਰਾਮਦਾਸ ਪਾਤਿਸ਼ਾਹ ਜੀਆਂ ਦੇ ਲੰਗਰਾਂ ਵਿੱਚ ਸੇਵਾ ਕੀਤੀ ਜਾਵੇਗੀ



ਇੰਟਰਨੈਸ਼ਨਲ ਪੰਥਕ ਦਲ ਦੇ ਸਾਰੇ ਅਹੁਦੇਦਾਰ ਤੇ ਵਰਕਰ ਸਾਹਿਬਾਨਾਂ ਨੂੰ ਬੇਨਤੀ ਹੈ ਕਿ ਵੀਹਵੀਂ ਸਦੀ ਦੇ ਮਹਾਨ ਜਰਨੈਲ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਭਤੀਜੇ ਸਾਬਕਾ ਜੱਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਬਾਨੀ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ ਜੀਆਂ ਦੇ ਹੁਕਮ ਅਨੁਸਾਰ ਹਰੇਕ ਮਹੀਨੇ ਜੋ ਗੁਰੂ ਰਾਮਦਾਸ ਸਾਹਿਬ ਮਹਾਰਾਜ ਜੀਆਂ ਦੇ ਲੰਗਰਾਂ ਵਿੱਚ ਸੇਵਾ ਕੀਤੀ ਜਾਂਦੀ ਹੈ,ਇਸ ਵਾਰ 6 ਮਾਰਚ ਦਿਨ ਵੀਰਵਾਰ ਨੂੰ ਸਵੇਰੇ 9 ਵਜੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਗੁਰੂ ਰਾਮਦਾਸ ਪਾਤਿਸ਼ਾਹ ਜੀਆਂ ਦੇ ਲੰਗਰਾਂ ਵਿੱਚ ਸੇਵਾ ਕੀਤੀ ਜਾਵੇਗੀ।



ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਖਾਲਸਾ, ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ

ਇੰਟਰਨੈਸ਼ਨਲ ਪੰਥਕ ਦਲ
INTERNATIONAL PANTHIC DAL

## ਸਾਰੇ ਅਹੁਦੇਦਾਰ ਤੇ ਵਰਕਰ ਸਾਹਿਬਾਨਾਂ ਨੇ ਸਮੇਂ ਸਿਰ ਪਹੁੰਚ ਕੇ ਹੱਥੀਂ ਸੇਵਾ ਕਰਕੇ ਗੁਰੂ ਰਾਮਦਾਸ ਪਾਤਿਸ਼ਾਹ ਜੀਆਂ ਦੀਆਂ ਖੁਸ਼ੀਆਂ ਪ੍ਰਾਪਤ ਕਰਨੀਆਂ ਜੀ



ਜੱਥੇਦਾਰ ਦਲੀਪ ਸਿੰਘ ਚਕਰ
ਆਲ ਇੰਡੀਆ ਕਨਵੀਨਰ
ਇੰਟਰਨੈਸ਼ਨਲ ਪੰਥਕ ਦਲ

★ ਬੇਨਤੀ ਕਰਤਾ ★

ਆਵਾਜ਼ਿ ਕੌਮ AWAZE QAUM International Newspaper & WEB TV

**ਜੱਥੇਦਾਰ ਦਲੀਪ ਸਿੰਘ ਚਕਰ**
**ਆਲ ਇੰਡੀਆ ਕਨਵੀਨਰ ਇੰਟਰਨੈਸ਼ਨਲ ਪੰਥਕ ਦਲ**




**ਮੂਲਮੰਤ੍ਰ ਵਟਸਐਪ ਗਰੁੱਪ ਰਾਹੀਂ ਹੋਲੇ ਮਹੱਲੇ ਨੂੰ ਸਮਰਪਿਤ ਮੂਲਮੰਤ੍ਰ ਦੇ 15 ਲੱਖ 55 ਹਜ਼ਾਰ 834 ਪਾਠ ਸਥਾਨਕ ਸੰਗਤਾਂ ਤੋਂ ਕਰਵਾਉਣੇ**

# ਭਾਈ ਦੀਦਾਰ ਸਿੰਘ ਦਾ ਸ਼ਲਾਘਾਯੋਗ ਉਪਰਾਲਾ : ਭਾਈ ਵਿਰਸਾ ਸਿੰਘ ਖਾਲਸਾ

**ਜੰਡਿਆਲਾ ਗੁਰੂ 3 ਮਾਰਚ (ਕੁਲਵੰਤ ਸਿੰਘ ਵਿਰਦੀ)** ਮੋਬਾਇਲ ਫੋਨਾਂ ਤੇ ਮੂਲਮੰਤ੍ਰ ਵੱਟਸਐਪ ਗਰੁੱਪ ਰਾਹੀਂ ਨੌਜਵਾਨਾਂ ਨੂੰ ਰੋਜ਼ਾਨਾ ਮੂਲਮੰਤ੍ਰ ਦੇ ਹਜ਼ਾਰਾਂ ਪਾਠ ਕਰਵਾਕੇ ਗੁਰਬਾਣੀ ਤੇ ਭਗਤੀ ਲੜ ਲਾਉਣਾ ਧਰਮੀ ਨੌਜਵਾਨ ਆਗੂ ਤੇ ਗਰੁੱਪ ਮੈਨੇਜਰ ਭਾਈ ਦੀਦਾਰ ਸਿੰਘ ਰਾਜਪੁਰਾ ਹੈਂਡ ਗ੍ਰੰਥੀ ਗੁਰਦੁਆਰਾ,ਸ਼ਹੀਦ ਬਾਬਾ ਸੁੱਖਾ ਸਿੰਘ ਨੀਲਪੁਰ ਰਾਜਪੁਰਾ ਤੇ ਹੋਰਾਂ ਦ ਬਹੁਤ ਹੀ ਸ਼ਲਾਘਾਯੋਗ ਸਮੇਂ ਅਤੇ ਲੋਕਾਂ ਦੀ ਮੰਗ ਵਾਲਾ ਵਧੀਆ ਧਰਮੀ ਕਾਰਜ਼ ਕਿਹਾ ਜਾ ਸਕਦਾ ਹੈ, ਇਸ ਮੂਲਮੰਤ੍ਰ ਗਰੁੱਪ ਵਿੱਚ ਲਗਭਗ 250 ਨੌਜਵਾਨਾਂ ਵੱਲੋਂ ਰੋਜ਼ਾਨਾ 500,700 ਅਤੇ 1000 ਦੇ ਕਰੀਬ ਰੋਜ਼ਾਨਾ ਮੂਲਮੰਤ੍ਰ ਦੇ ਪਾਠ ਕਰਕੇ ਗਰੁੱਪ ਮੈਨੇਜਰ ਨੂੰ ਭੇਜੇ ਜਾਂਦੇ ਹਨ ਅਤੇ ਮੈਨੇਜਰ ਬਾਬਾ ਦੀਦਾਰ ਸਿੰਘ ਹੈਡਗ੍ਰੰਥੀ ਵੱਲੋਂ ਇਨ੍ਹਾਂ ਸਾਰੇ ਗਰੁੱਪ ਮੈਂਬਰਾਂ ਦੇ ਪਾਠਾਂ ਦੀ ਗਿਣਤੀ ਮੇਨ ਮੂਲਮੰਤ੍ਰ ਗਰੁੱਪ ਦੇ ਸਾਰੇ ਮੈਂਬਰਾਂ ਨੂੰ ਉਹਨਾਂ ਦੇ ਨਾਮ ਸਹਾਮਣੇ ਅੰਕਿਤ ਕੀਤਾ ਜਾਦੀ ਹੈ,ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਨੌਜਵਾਨਾਂ ਨੂੰ ਗੁਰਬਾਣੀ ਲੜ ਲਾਉਣ ਵਾਲੇ ਬਾਬਾ ਦੀਦਾਰ ਸਿੰਘ ਜੀ ਦੇ ਇਸ ਉਪਰਾਲੇ ਨੂੰ ਸਮੇਂ ਅਤੇ ਲੋਕਾਂ ਦੀ ਮੰਗ ਵਾਲਾ ਬਹੁਤ ਹੀ ਸ਼ਲਾਘਾਯੋਗ ਧਰਮੀ ਕਾਰਜ਼ ਮੰਨਦੀ ਹੋਈ ਮੋਬਾਇਲ ਫੋਨਾਂ ਤੇ ਕਈ ਤਰ੍ਹਾਂ ਦੇ ਸਮਾਜ ਵਿਰੋਧੀ ਗਰੁੱਪ ਬਣਾ ਕੇ ਨੌਜਵਾਨਾਂ ਨੂੰ ਸਮਾਜ ਵਿਰੋਧੀ ਗਤੀਵਿਧੀਆਂ ਦੇ ਮਾੜੇ ਰੁਝਾਨ ਵੱਲ ਧੱਕਣ ਵਾਲਿਆਂ ਨੂੰ ਜ਼ੋਰਦਾਰ ਸ਼ਬਦਾਂ'ਚ ਅਪੀਲ ਕਰਦੀ ਹੈ ਉਹ ਵਟਸਐਪ ਗਰੁੱਪ ਬਣਾ ਕੇ ਨੌਜਵਾਨਾਂ ਨੂੰ ਰੋਜ਼ਾਨਾ ਮੂਲਮੰਤ੍ਰ ਦੇ ਵੱਧ ਤੋਂ ਵੱਧ ਪਾਠ ਕਰਵਾ ਕੇ ਗੁਰਬਾਣੀ ਅਤੇ ਰੱਬੀ ਭਗਤੀ ਨਾਲ ਜੋੜਨ ਵਾਲੇ ਕਾਰਜ਼ ਵਾਂਗ ਨੌਜਵਾਨ ਨੂੰ ਧਾਰਮਿਕ ਵਿਦਿਆ ਅਤੇ ਸਿੱਖੀ ਦੇ ਸੁਨਹਿਰੀ ਵਿਰਸੇ ਇਤਿਹਾਸ ਨਾਲ ਜੋੜਨ ਲਈ ਗੁਰਬਾਣੀ ਕੰਠਿ ਮੁਕਾਬਲੇ ਕਰਵਾਉਣ ਵਾਲੇ ਧਾਰਮਿਕ ਗਰੁੱਪ ਬਣਾਉਣ ਦੀ ਲੋੜ ਤੇ ਜ਼ੋਰ ਦੇਣ ਤਾਂ ਕਿ ਨੌਜਵਾਨ ਪੀੜ੍ਹੀ ਨੂੰ ਗੁਰਬਾਣੀ ਅਤੇ ਰੱਬੀ ਭਗਤੀ ਨਾਲ ਜੋੜਿਆ ਜਾ ਸਕੇ, ਰਹੇ ਨਾਲ ਜੋੜਨ ਦਾ ਗ.ਲਤ ਹਰਕਤਾਂ ਵਾਲੇ ਸਾਰੇ ਨੌਜਵਾਨਾਂ ਨੂੰ ਅਪੀਲ ਕਰਦੀ ਹੈ ਕਿ ਅੱਜ ਦੇ ਪਦਾਰਥਵਾਦੀ ਤੇ ਮੌਕਾ ਪ੍ਰਸਤੀ ਵਾਲੇ ਯੁੱਗ ਵਿੱਚ ਗੁਰਬਾਣੀ ਨੂੰ ਆਪਣੇ ਜੀਵਨ ਦਾ ਆਧਾਰ ਬਣਾਉਣ ਦੀ ਲੋੜ ਤੇ ਜ਼ੋਰ ਦੇਣਾ ਚਾਹੀਦਾ ਹੈ ਤਾਂ ਕਿ ਪੱਛਮੀ ਮੁਲਕਾਂ ਦੇ ਮਗਰ ਲੱਗ ਕੇ ਸਿੱਖੀ ਤੋਂ ਪਤਿਤ ਹੋ ਕੇ ਨਸ਼ਿਆਂ ਵੱਲ ਵੱਧਦੀ ਜਾ ਰਹੀ ਨੌਜਵਾਨ ਪੀੜ੍ਹੀ ਨੂੰ ਗੁਰਬਾਣੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਨਾਲ ਸਿੱਖੀ ਦੇ ਸੁਨਹਿਰੀ ਵਿਰਸੇ ਇਤਿਹਾਸ ਨਾਲ ਜੋੜਿਆ ਜਾ ਸਕੇ ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਕੌਮੀ ਪ੍ਰਧਾਨ ਭਾਈ ਵਿਰਸਾ ਸਿੰਘ ਖਾਲਸਾ ਨੇ ਇਸ ਗਰੁੱਪ'ਚ ਰੋਜ਼ਾਨਾ 1100 ਸੌ ਰੋਜ਼ਾਨਾ ਮੂਲਮੰਤ੍ਰ ਦੇ ਪਾਠ ਕੇ ਗਰੁੱਪ'ਚ ਐਡ ਕਰਵਾਉਣ ਵਾਲੇ ਕਾਕਾ ਤੇਜਸਵੀਰ ਸਿੰਘ ਰਾਜਪੁਰਾ ਨਾਲ ਪਰੁੱਪ ਸਬੰਧੀ ਜਾਣਕਾਰੀ ਹਾਸਲ ਕਰਨ ਤੋਂ ਉਪਰੰਤ ਇੱਕ ਲਿਖਤੀ ਪ੍ਰੈਸ ਬਿਆਨ ਰਾਹੀਂ ਦਿੱਤੀ, ਉਹਨਾਂ ਭਾਈ ਖਾਲਸਾ ਨੇ ਦੱਸਿਆ ਅੱਜ ਦੇ ਸਮੇਂ ਵਿੱਚ ਪੱਛਮੀ ਮੁਲਕਾਂ ਮਗਰ ਲੱਗ ਕੇ ਸਿੱਖੀ ਤੋਂ ਦੂਰ ਹੁੰਦੇ ਜਾ ਰਹੇ ਸਾਰੇ ਨੌਜਵਾਨਾਂ ਨੂੰ ਸਿੱਖੀ ਦੇ ਸੁਨਹਿਰੀ ਵਿਰਸੇ ਇਤਿਹਾਸ ਨਾਲ ਜੋੜਨਾ ਸਮੇਂ ਦੀ ਮੁੱਖ ਲੋੜ ਹੈ, ਭਾਈ ਖਾਲਸਾ ਨੇ ਦੱਸਿਆ ਗੁਰਦੁਆਰਾ ਸ਼ਹੀਦ ਬਾਬਾ ਸੁੱਖਾ ਸਿੰਘ, ਨੀਲਪੁਰ ਦੇ ਧਰਮੀ ਹੈਂਡ ਗ੍ਰੰਥੀ ਬਾਬਾ ਦੀਦਾਰ ਸਿੰਘ ਵੱਲੋਂ 15 ਨਵੰਬਰ ਤੋਂ ਨੌਜਵਾਨ ਮੁੰਡੇ ਕੁੜੀਆਂ ਤੇ ਹੋਰਾਂ ਨੂੰ ਮੂਲਮੰਤ੍ਰ ਦੇ ਰੋਜ਼ਾਨਾ ਪਾਠ ਕਰਵਾਉਣ ਵਾਲੀ ਚਲਾਈ ਧਰਮੀ ਲਹਿਰ ਹਰ ਵਰਗ ਦੇ ਲੋਕਾਂ ਵੱਲੋਂ ਸ਼ਲਾਘਾ ਕੀਤੀ ਜਾ ਰਹੀ ਹੈ ਭਾਈ ਖਾਲਸਾ ਨੇ ਕਿਹਾ ਅੱਜ ਜਦੋਂ ਨੌਜਵਾਨ ਪੀੜ੍ਹੀ ਨਸ਼ਿਆਂ ਅਤੇ ਪਤਿਤਪੁਣੇ ਰਾਹੀਂ ਸਿੱਖੀ ਦੇ ਸੁਨਹਿਰੀ ਵਿਰਸੇ ਇਤਿਹਾਸ ਨੂੰ ਭੁੱਲ ਕੇ ਦੇਹਧਾਰੀ ਪਾਖੰਡੀ ਗੁਰੂਆਂ ਤੇ ਸਾਧਾਂ ਦੇ ਡੇਰਿਆਂ ਵੱਲ ਵਧਦਾ ਜਾ ਰਹੀ ਹੈ ਅਜਿਹੇ ਸਮੇਂ ਵੱਟਸਐਪ ਗਰੁੱਪ ਰਾਹੀਂ ਮੂਲਮੰਤ੍ਰ ਦੇ ਪਾਠਾ ਨਾਲ ਨੌਜਵਾਨ ਪੀੜ੍ਹੀ ਨੂੰ ਜੋੜਨਾ ਗਰੁੱਪ ਮੈਨੇਜਰ ਬਾਬਾ ਦੀਦਾਰ ਸਿੰਘ ਜੀ, ਭਾਈ ਜਸਬੀਰ ਸਿੰਘ ਜੀ, ਭਾਈ ਲਖਵਿੰਦਰ ਸਿੰਘ ਜੀ ਆਦਿ ਧਾਰਮਿਕ ਆਗੂਆਂ ਦਾ ਬਹੁਤ ਸ਼ਲਾਘਾਯੋਗ ਉਪਰਾਲਾ ਤੇ ਲੋਕਾਂ ਦੀ ਮੰਗ ਵਾਲਾ ਹੈ ਇਸ ਕਰਕੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਅਜਿਹੇ ਉਪਰਾਲੇ ਦੀ ਪੁਰਜ਼ੋਰ ਸ਼ਬਦਾਂ'ਚ ਹਮਾਇਤ ਤੇ ਸ਼ਲਾਘਾ ਕਰਦੀ ਹੋਈ ਹੋਰਨਾਂ ਗਰੁੱਪਾ ਦੇ ਆਗੂਆਂ ਨੂੰ ਬੇਨਤੀ ਕਰਦੀ ਹੈ ਉਹ ਵਟਸਐਪ ਗਰੁੱਪ ਬਣਾ ਲੋਕਾਂ ਨੂੰ ਗੁਰਬਾਣੀ ਨਾਲ ਜੋੜਨ ਲਈ ਉਪਰਾਲੇ ਕਰਨ ਦੀ ਲੋੜ ਤੇ ਜ਼ੋਰ ਦੇਣ ਜਿਵੇਂ ਮੂਲਮੰਤ੍ਰ ਗਰੁੱਪ ਦੇ ਮੈਨੇਜਰ ਬਾਬਾ ਦੀਦਾਰ ਸਿੰਘ ਰਾਜਪੁਰਾ ਵੱਲੋਂ ਕੀਤੀ ਗਿਆ ਹੈ।



### ਨਨਕਾਣਾ ਸਾਹਿਬ ਯਾਤਰਾ ਕਮੇਟੀ ਦੇ ਜੱਥੇ ਨੇ

# ਤਖਤ ਸ੍ਰੀ ਪਟਨਾ ਸਾਹਿਬ ਵਿਖੇ ਮੱਥਾ ਟੇਕਿਆ

## ਨਨਕਾਣਾ ਸਾਹਿਬ ਯਾਤਰਾ ਕਮੇਟੀ ਦੇ ਜਥੇ ਦੀਆਂ ਫੋਟੋਆਂ ਅਤੇ ਵੀਡੀਓ ਵਟਸਐਪ ਗਰੁੱਪ ਅਤੇ ਵੱਖ-ਵੱਖ ਯੂਟਿਊਬ ਚੈਨਲਾਂ ਰਾਹੀਂ ਦੇਖਦਿਆਂ ਹੋਇਆਂ ਦੇਸ਼ ਵਿਦੇਸ਼ ਦੀਆਂ ਸੰਗਤਾਂ ਨੇ ਯਾਤਰਾ ਦਾ ਆਨੰਦ ਮਾਣਿਆ












ਆਵਾਜ਼ਿ ਕੌਮ AWAZE QAUM
International Newspaper & WEB TV




ਪਟਨਾ ਸਾਹਿਬ (ਆਵਾਜ਼ਿ ਕੌਮ ਬਿਊਰੋ ਰਿਪੋਰਟ) -ਹਰ ਸਾਲ ਦੀ ਤਰ੍ਹਾਂ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਵੱਲੋਂ ਇੰਗਲੈਂਡ ਅਮਰੀਕਾ ਕੈਨੇਡਾ ਅਤੇ ਪੰਜਾਬ ਦੀਆਂ ਸੰਗਤਾਂ ਦੇ ਜਥੇ ਦੇ ਰੂਪ ਦੇ ਵਿੱਚ ਆਰੰਭ ਕੀਤੀ ਹੋਈ ਯਾਤਰਾ ਜਲੰਧਰ ਤੋਂ ਤਖਤ ਸ਼੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ ਵਿਖੇ ਪਹੁੰਚੀ, ਇੱਥੋਂ ਦਰਬਾਰ ਸ੍ਰੀ ਪਾਉਂਟਾ ਸਾਹਿਬ, ਕਵੀ ਦਰਬਾਰ, ਗੁਰਦੁਆਰਾ ਸ੍ਰੀ ਕ੍ਰਿਪਾਲ ਸ਼ਿਲਾ, ਨਾਨਕ ਮਤਾ ਸਾਹਿਬ, ਗੁਰਦੁਆਰਾ ਦੁੱਧ ਵਾਲਾ ਖੂਹ, ਬਾਉਲੀ ਸਾਹਿਬ, ਭੰਡਾਰਾ ਸਾਹਿਬ, ਗੁਰਦੁਆਰਾ ਕਿੱਲਾ ਸਾਹਿਬ, ਗੁਰਦੁਆਰਾ ਬਾਬਾ ਅਲਮਸਤ ਜੀ, ਉੱਤਰਾਖੰਡ ਦੀਆਂ ਪਹਾੜੀਆਂ ਉੱਪਰ ਸਥਿਤ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਸ੍ਰੀ ਰੀਠਾ ਸਾਹਿਬ ਦੇ ਦਰਸ਼ਨ ਦੀਦਾਰੇ ਸੰਗਤਾਂ ਨੇ ਕੀਤੇ। ਯਜਥੇ ਦੀ ਅਗਵਾਈ ਕਰ ਰਹੇ ਜਥੇਦਾਰ ਭਾਈ ਰਘਬੀਰ ਸਿੰਘ ਮਾਲੜੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇੱਥੋਂ ਗੁਰਦੁਆਰਾ ਗੁਰੂ ਨਾਨਕਪੁਰੀ ਟਾਂਡਾ ਸਾਹਿਬ, ਚੱਕੀ ਸਾਹਿਬ, ਗੁਰੂ ਕਾ ਬਾਗ ਆਦਿ ਅਸਥਾਨਾਂ ਦੇ ਦਰਸ਼ਨ ਕਰਦਿਆਂ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਸੰਗਤਾਂ ਨਤਮਸਤਕ ਹੋਈਆਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਅਸਥਾਨ ਪਟਨਾ ਸਾਹਿਬ ਦੇ ਦਰਸ਼ਨ ਅਤੇ ਪੁਰਾਤਨ ਸ਼ਾਸ਼ਤਰਾਂ ਦੇ ਦਰਸ਼ਨ ਸੰਗਤਾਂ ਨੇ ਸ਼ਰਧਾ ਭਾਵਨਾ ਸਹਿਤ ਕੀਤੇ। ਇਸ ਤੋਂ ਇਲਾਵਾ ਗੁਰਦੁਆਰਾ ਕੰਗਣ ਘਾਟ, ਗੁਰਦੁਆਰਾ ਗੁਰੂ ਕਾ ਬਾਗ, ਗੁਰਦੁਆਰਾ ਹਾਂਡੀ ਸਾਹਿਬ, ਗੁਰਦੁਆਰਾ ਗਊ ਘਾਟ ਅਤੇ ਗੁਰਦੁਆਰਾ ਸ਼ੀਤਲ ਕੁੰਡ ਰਾਜਗੀਰ ਵਿਖੇ ਸੰਗਤਾਂ ਦਰਸ਼ਨ ਦੀਦਾਰੇ ਕਰਨ ਲਈ ਪੁੱਜੀਆਂ। ਤਖ਼ਤ ਸਾਹਿਬ ਅਤੇ ਹੋਰ ਗੁਰ ਅਸਥਾਨਾਂ ਵਿਖੇ ਜਥੇ ਦੇ ਜਥੇਦਾਰ ਭਾਈ ਰਘਬੀਰ ਸਿੰਘ ਮਾਲੜੀ ਅਤੇ ਜਥੇ ਵਿੱਚ ਸ਼ਾਮਲ ਹੋਰ ਯਾਤਰੂਆਂ ਦਾ ਸਤਿਕਾਰ ਸਿਰੋਪਾਉ ਦੇ ਕੇ ਕੀਤਾ ਗਿਆ। ਤਿੰਨ ਦਿਨਾਂ ਤੱਕ ਨਾਮ ਬਾਣੀ ਦਾ ਲਾਹਾ ਪ੍ਰਾਪਤ ਕਰਨ ਉਪਰੰਤ ਪਟਨਾ ਸਾਹਿਬ ਤੋਂ ਸੰਗਤਾਂ ਜਬਲਪੁਰ ਦੇ ਰਸਤੇ ਤਖ਼ਤ ਸੱਚਖੰਡ ਸ਼੍ਰੀ ਹਜ਼ੂਰ ਸਾਹਿਬ ਵੱਲ ਨੂੰ ਰਵਾਨਾ ਹੋ ਗਈਆਂ। ਯਾਤਰਾ ਦੌਰਾਨ ਦੋਵੇਂ ਸਮੇਂ ਨਿਤਨੇਮ ਬਾਣੀ ਦਾ ਪਾਠ, ਚੌਪਈ ਸਾਹਿਬ ਅਤੇ ਸੁਖਮਨੀ ਸਾਹਿਬ ਦੇ ਜਾਪ, ਸ਼ਬਦ ਕੀਰਤਨ ਦਾ ਪ੍ਰਵਾਹ ਲਗਾਤਾਰ ਜਾਰੀ ਰਿਹਾ। ਪੰਥ ਪ੍ਰਸਿੱਧ ਪ੍ਰਚਾਰਕ ਗਿਆਨੀ ਰਾਜਪਾਲ ਸਿੰਘ ਬੋਪਾਰਾਏ ਕਥਾਵਾਚਕ ਗੁਰਦੁਆਰਾ ਸ਼ਹੀਦਾਂ ਤੱਲ੍ਹਣ ਵੱਲੋਂ ਸੰਗਤਾਂ ਨੂੰ ਗੁਰਬਾਣੀ ਅਤੇ ਗੁਰ ਇਤਿਹਾਸ ਦੀ ਕਥਾ ਰਾਹੀਂ ਨਿਹਾਲ ਕੀਤਾ ਗਿਆ। ਤਖਤ ਸ਼੍ਰੀ ਪਟਨਾ ਸਾਹਿਬ ਵਿਖੇ ਭਾਈ ਨਛੱਤਰ ਸਿੰਘ ਆਸਟਰੀਆ ਪ੍ਰਧਾਨ ਇੰਟਰਨੈਸ਼ਨਲ ਪੰਥਕ ਦਲ ਅਸਟਰੀਆ (ਯੂਰਪ) ਬਾਬਾ ਸੱਜਣ ਸਿੰਘ ਮੁਖ ਸਲਾਹਕਾਰ ਇੰਟਰਨੈਸ਼ਨਲ ਪੰਥਕ ਦਲ ਨੇ ਵੀ ਹਾਜ਼ਰੀ ਲਵਾਈ। ਯਾਤਰੂ ਜੱਥੇ ਵਿੱਚ ਮਹਿੰਦਰ ਸਿੰਘ ਸੱਲ੍ਹ, ਪਾਲ ਸਿੰਘ ਸੰਘਾ ਕਵੈਂਟਰੀ, ਬੀਬੀ ਗੁਰਪਾਲ ਕੌਰ ਡਰਬੀ, ਰੇਸ਼ਮ ਕੌਰ ਕਵੈਂਟਰੀ, ਸਲਿੰਦਰ ਕੌਰ ਸਮੈਦਿਕ, ਪਰਮਜੀਤ ਕੌਰ ਅਠਵਾਲ, ਭਜਨ ਕੌਰ ਬੈਂਸ ਲੰਡਨ, ਕੁਲਦੀਪ ਕੌਰ ਵੈਨਸਫੀਲਡ, ਗੁਰਬਖਸ਼ ਕੌਰ ਸੋਮਲ ਕਵੈਂਟਰੀ, ਪਰਮਜੀਤ ਕੌਰ ਮੱਲ੍ਹੀ, ਜਸਵੀਰ ਕੌਰ ਡਰਬੀ, ਪਰਮਿੰਦਰ ਸਿੰਘ ਬਰੜਵਾਲ, ਅਮਰਜੀਤ ਕੌਰ ਬਰੜਵਾਲ, ਹਰਦਿਆਲ ਸਿੰਘ ਰੋਡੇ ਕੈਨੇਡਾ, ਜਸਵੀਰ ਕੌਰ ਕੈਨੇਡਾ, ਗੁਰਦੀਪ ਕੌਰ ਉਰਫ਼ ਰਾਣੋ ਅਮਰੀਕਾ, ਨਿਰਮਲ ਕੌਰ ਅਮਰੀਕਾ ਆਦਿ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਸ਼ਾਮਿਲ ਸਨ। ਨਨਕਾਣਾ ਸਾਹਿਬ ਯਾਤਰਾ ਕਮੇਟੀ ਦੇ ਜਥੇ ਦੀਆਂ ਫੋਟੋਆਂ ਅਤੇ ਵੀਡੀਓ ਵਟਸਐਪ ਗਰੁੱਪ ਅਤੇ ਵੱਖ-ਵੱਖ ਯੂਟਿਊਬ ਚੈਨਲਾਂ ਰਾਹੀਂ ਦੇਖਦਿਆਂ ਹੋਇਆਂ ਦੇਸ਼ ਵਿਦੇਸ਼ ਦੀਆਂ ਸੰਗਤਾਂ ਨੇ ਯਾਤਰਾ ਦਾ ਆਨੰਦ ਮਾਣਿਆ। ਯੂਟਿਊਬ ਚੈਨਲਾਂ ਆਵਾਜ਼ਿ ਕੌਮ ਟੀਵੀ, ਗਿਆਨੀ ਰਾਜਪਾਲ ਸਿੰਘ ਬੋਪਾਰਾਏ ਅਤੇ ਵਿਰਾਸਤ ਪੰਜਾਬ ਟੀਵੀ , ਲੋਕ ਪੰਜਾਬ ਟੀਵੀ,ਆਦਿ ਉੱਤੇ ਯਾਤਰਾ ਦੀਆਂ ਲਾਈਵ ਵੀਡੀਓ ਦਾ ਪ੍ਰਸਾਰਣ ਚੱਲਦਾ ਰਿਹਾ। ••





(ਹੋਰ ਤਸਵੀਰਾਂ ਅਗਲੇ ਪੰਨਿਆਂ 'ਤੇ)

### ਨਨਕਾਣਾ ਸਾਹਿਬ ਯਾਤਰਾ ਕਮੇਟੀ ਦੇ ਜੱਥੇ ਨੇ

# ਤਖਤ ਸ੍ਰੀ ਪਟਨਾ ਸਾਹਿਬ ਵਿਖੇ ਮੱਥਾ ਟੇਕਿਆ

**ਨਨਕਾਣਾ ਸਾਹਿਬ ਯਾਤਰਾ ਕਮੇਟੀ ਦੇ ਜਥੇ ਦੀਆਂ ਫੋਟੋਆਂ ਅਤੇ ਵੀਡੀਓ ਵਟਸਐਪ ਗਰੁੱਪ ਅਤੇ ਵੱਖ-ਵੱਖ ਯੂਟਿਊਬ ਚੈਨਲਾਂ ਰਾਹੀਂ ਦੇਖਦਿਆਂ ਹੋਇਆਂ ਦੇਸ਼ ਵਿਦੇਸ਼ ਦੀਆਂ ਸੰਗਤਾਂ ਨੇ ਯਾਤਰਾ ਦਾ ਆਨੰਦ ਮਾਣਿਆ**













ਆਵਾਜ਼ਿ ਕੌਮ AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243



## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

ਜਨਮ
ਪਿੰਡ ਰੋਡੇ
2.6.1947
Birth
Pind Rode

ਸ਼ਹੀਦੀ
ਸ੍ਰੀ ਦਰਬਾਰ ਸਾਹਿਬ
ਅੰਮ੍ਰਿਤਸਰ
6.6.1984
Shaheedi
Sri Darbar Sahib
Amritsar



www.damdamitaksal.net

Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net



ਖਾਲਿਸੋ ਸਬਦ ਸਚੀ ਟਕਸਾਲ ॥
ਦਮਦਮੀ ਟਕਸਾਲ
ਜਥਾ ਭਿੰਡਰਾਂ (ਮਹਿਤਾ)
www.damdamitaksal.net

ਨਾਮ ਜਪੋ
ਕਿਰਤ ਕਰੋ
ਵੰਡ ਛੱਕੋ

Naam Japo
Kirat Karo
Vand Shako

ਵਾਹਿਗੁਰੂ ਜੀ ਕਾ ਖਾਲਸਾ॥ WAHEGURU JI KA KHALSA
ਵਾਹਿਗੁਰੂ ਜੀ ਕੀ ਫਤਹਿ॥ WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi

ਗਤਕਾ ਸਿੱਖੋ Learn Gatka
www.damdamitaksal.net



ਆਵਾਜ਼ਿ ਕੌਮ
Daily Newspaper from U.K.

Publisher/Chief Editor
**Raghbir Singh Walsal**
E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਬੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk


**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


ਦੇਗ ਤੇਗ ਫਤਹਿ | ਅੰਮ੍ਰਿਤ ਛਕੋ ਸਿੰਘ ਸਜੋ - ਨਸ਼ੇ ਛੱਡੋ ਕੋਹੜ ਵੱਡੋ | ਪੰਥ ਕੀ ਜੀਤ

## ਖਾਲਸਾ ਸਾਜਨਾ ਦਿਵਸ ਦੇ ਸਬੰਧ ਵਿੱਚ ਤਿੰਨ ਰੋਜ਼ਾ

# ਮਹਾਨ ਗੁਰਮਤਿ ਸਮਾਗਮ

ਗੁਰਦੁਆਰਾ ਸ੍ਰੀ ਨਾਮਦੇਵ ਭਵਨ, ਅਕਾਲਸਰ ਰੋਡ, ਮੋਗਾ ਵਿਖੇ ਮਿਤੀ 25-26-27 ਮਾਰਚ, 2025 ਦਿਨ ਮੰਗਲਵਾਰ, ਬੁੱਧਵਾਰ ਅਤੇ ਵੀਰਵਾਰ ਸ਼ਾਮ 6.00 ਤੋਂ 9.15 ਵਜੇ ਤੱਕ ਦੀਵਾਨ ਸਜਾਏ ਜਾਣਗੇ। ਜਿਸ ਵਿੱਚ ਪੰਥ ਦੇ ਮਹਾਨ ਕੀਰਤਨ, ਕਥਾ ਵਾਚਕ, ਢਾਡੀ, ਕਵਿਸ਼ਰੀ ਸਿੰਘ ਹਾਜ਼ਰੀਆਂ ਭਰਨਗੇ ਇਸ ਹੋ ਰਹੇ ਮਹਾਨ ਗੁਰਮਤਿ ਸਮਾਗਮ ਵਿੱਚ ਪਹੁੰਚ ਕੇ ਲਾਹੇ ਪ੍ਰਾਪਤ ਕਰੋ ਜੀ।

ਮਿਤੀ 25 ਮਾਰਚ, 2025
ਦਿਨ ਮੰਗਲਵਾਰ
ਰਹਿਰਾਸ ਸਾਹਿਬ --- 6:00 ਤੋਂ 6:30 ਵਜੇ ਤੱਕ
ਕੀਰਤਨ --- 6:30 ਤੋਂ 7:00 ਵਜੇ ਤੱਕ
(ਕੀਰਤਨ ਭਾਈ ਸੋਹਣ ਸਿੰਘ ਹਜ਼ੂਰੀ ਜੱਥਾ)
ਕਵਿਸ਼ਰੀ --- 7:00 ਤੋਂ 7:40 ਵਜੇ ਤੱਕ
(ਭਾਈ ਵਰਿਆਮ ਸਿੰਘ ਸਲੀਣਾ ਕਵਿਸ਼ਰੀ ਜੱਥਾ)
ਕਥਾ --- 7:40 ਤੋਂ 9:15 ਵਜੇ ਤੱਕ
(ਪੰਥ ਦੇ ਮਹਾਨ ਕਥਾ ਵਾਚਕ
ਗਿਆਨੀ ਨਿਰਮਲ ਸਿੰਘ ਧੂਲਕੋਟ)

ਮਿਤੀ 26 ਮਾਰਚ, 2025
ਦਿਨ ਬੁੱਧਵਾਰ
ਰਹਿਰਾਸ ਸਾਹਿਬ --- 6:00 ਤੋਂ 6:30 ਵਜੇ ਤੱਕ
ਕੀਰਤਨ --- 6:30 ਤੋਂ 7:00 ਵਜੇ ਤੱਕ
(ਕੀਰਤਨ ਭਾਈ ਸੋਹਣ ਸਿੰਘ ਹਜ਼ੂਰੀ ਜੱਥਾ)
ਕਵਿਸ਼ਰੀ --- 7:00 ਤੋਂ 7:40 ਵਜੇ ਤੱਕ
(ਭਾਈ ਵਰਿਆਮ ਸਿੰਘ ਸਲੀਣਾ ਕਵਿਸ਼ਰੀ ਜੱਥਾ)
ਢਾਡੀ --- 7:40 ਤੋਂ 9:15 ਵਜੇ ਤੱਕ
(ਭਾਈ ਸੁਖਵਿੰਦਰ ਸਿੰਘ ਢਾਡੀ ਜੱਥਾ)

ਮਿਤੀ 27 ਮਾਰਚ, 2025
ਦਿਨ ਵੀਰਵਾਰ
ਰਹਿਰਾਸ ਸਾਹਿਬ --- 6:00 ਤੋਂ 6:30 ਵਜੇ ਤੱਕ
ਕੀਰਤਨ --- 6:30 ਤੋਂ 7:00 ਵਜੇ ਤੱਕ
(ਕੀਰਤਨ ਭਾਈ ਸੋਹਣ ਸਿੰਘ ਹਜ਼ੂਰੀ ਜੱਥਾ)
ਕਵਿਸ਼ਰੀ --- 7:00 ਤੋਂ 7:40 ਵਜੇ ਤੱਕ
(ਭਾਈ ਵਰਿਆਮ ਸਿੰਘ ਸਲੀਣਾ ਕਵਿਸ਼ਰੀ ਜੱਥਾ)
ਢਾਡੀ --- 7:40 ਤੋਂ 9:15 ਵਜੇ ਤੱਕ
(ਪੰਥ ਦੇ ਮਹਾਨ ਕਥਾ ਵਾਚਕ
ਗਿਆਨੀ ਸੁਖਦੇਵ ਸਿੰਘ ਛੱਲਾ)







ਪੰਥ ਦੇ ਮਹਾਨ ਕਥਾ ਵਾਚਕ
ਗਿਆਨੀ ਸੁਖਦੇਵ ਸਿੰਘ ਛੱਲਾ



ਪੰਥ ਦੇ ਮਹਾਨ ਕਥਾ ਵਾਚਕ
ਗਿਆਨੀ ਨਿਰਮਲ ਸਿੰਘ ਧੂਲਕੋਟ

ਅੰਮ੍ਰਿਤ ਛਕੋ ਸਿੰਘ ਸਜੋ - ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ
ਧੰਨ ਧੰਨ ਮਾਤਾ ਸਾਹਿਬ ਕੌਰ ਜੀ ਦੇ ਪੁੱਤਰੋ ਧੀਓ ਅੰਮ੍ਰਿਤ ਧਾਰੀ ਹੋ ਕੇ ਜੀਓ।

ਮਿਤੀ 28 ਮਾਰਚ, 2025 ਦਿਨ ਸ਼ੁਕਰਵਾਰ ਨੂੰ ਸਵੇਰੇ 11:30 ਵਜੇ ਮਹਾਨ ਅੰਮ੍ਰਿਤ ਸੰਚਾਰ ਹੋਵੇਗਾ। ਅੰਮ੍ਰਿਤ ਅਭਿਲਾਖੀ ਪ੍ਰਾਣੀ ਕੇਸੀ ਇਸ਼ਨਾਨ ਕਰਕੇ ਸਮੇਂ ਸਿਰ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ। ਕਕਾਰਾਂ ਦੀ ਸੇਵਾ ਫਰੀ ਕੀਤੀ ਜਾਵੇਗੀ।

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ :
ਭਾਈ ਗੁਰਮੀਤ ਸਿੰਘ ਸਲੀਣਾ (UK) 73409-17046
ਭਾਈ ਹਰਮੇਲ ਸਿੰਘ ਮੋਗਾ 94171-39213

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਵੱਲੋਂ : ਗੁਰਦੁਆਰਾ ਨਾਮਦੇਵ ਭਵਨ ਪ੍ਰਬੰਧਕੀ ਕਮੇਟੀ, ਮੋਗਾ
ਮੋ: 99156-86386

ਸ੍ਰੀ ਵਾਹਿਗੁਰੂ ਜੀ ਕੀ ਫਤਿਹ

ਚਰਨ ਸ਼ਰਨ ਗੁਰ ਏਕ ਪੈਂਡਾ ਜਾਇ ਚਲ ਸਤਿਗੁਰੁ ਕੋਟਿ ਪੈਂਡਾ ਆਗੇ ਹੋਇ ਲੇਤ ਹੈ॥

ਮਨੁੱਖਤਾ ਦੇ ਰਹਿਬਰ ਤਾਰਨਹਾਰ ਜਗਤ ਗੁਰੂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ

# ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ. ਕੇ.

## ਵੱਲੋਂ ਪਾਕਿਸਤਾਨ ਦੇ ਇਤਿਹਾਸਕ ਸਿੱਖ ਗੁਰਦੁਆਰਾ ਸਾਹਿਬਾਨ ਦੀ ਯਾਤਰਾ

## 28 ਅਕਤੂਬਰ 2025 ਤੋਂ 7 ਨਵੰਬਰ 2025 ਤੱਕ ਹੋਵੇਗੀ



**ਗੁਰੂ ਪਿਆਰੀ ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ**

ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਵੇਗੀ ਕਿ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਵੱਲੋਂ ਇੱਕ ਵਿਸ਼ਾਲ ਜਥੇ ਸਮੇਤ ਪਾਕਿਸਤਾਨ ਵਿਖੇ ਸਿੱਖ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕੀਤੀ ਜਾ ਰਹੀ ਹੈ। ਹਰ ਸਿੱਖ ਆਪਣੀ ਅਰਦਾਸ ਵਿੱਚ ਪੰਥ ਤੋਂ ਵਿਛੜੇ ਹੋਏ ਜਿਨ੍ਹਾਂ ਗੁਰਦੁਆਰਾ ਸਾਹਿਬਾਨ ਦਾ ਜ਼ਿਕਰ ਕਰਦਾ ਹੈ ਉਹਨਾਂ ਦੇ ਦਰਸ਼ਨ ਦੀਦਾਰੇ ਕਰਕੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਸੁਨਹਿਰੀ ਮੌਕਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਨਨਕਾਣਾ ਸਾਹਿਬ ਦੀ ਧਰਤੀ ਤੇ ਮਨਾਉਣ ਦੀਆਂ ਤਿਆਰੀਆਂ ਹੁਣ ਤੋਂ ਹੀ ਆਰੰਭ ਕਰਕੇ ਪਰਿਵਾਰਾਂ ਸਮੇਤ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਾਉਣ ਲਈ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਨਾਲ ਸੰਪਰਕ ਕਰੋ ਜੀ।

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1050**

Important Note: The Jatha will depart from Jalandhar Punjab from 28th October to 7th November 2025 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1050 pounds including visa, transport, hotel stay and break fast and Dinner.

**Note: It does not include flight ticket and insurance, it has to be done by the passenger himself.**

ਜ਼ਰੂਰੀ ਨੋਟ : ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 28 ਅਕਤੂਬਰ ਜਲੰਧਰ ਤੋਂ 7 ਨਵੰਬਰ 2025 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ । ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਅਤੇ ਰਾਤ ਦੇ ਖਾਣੇ ਸਮੇਤ 1050 ਪੌਂਡ ਹੋਵੇਗਾ।

ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।

## ਯਾਤਰਾ ਦੌਰਾਨ ਰਿਹਾਇਸ਼ ਦਾ ਪ੍ਰਬੰਧ ਲਗਜ਼ਰੀ ਹੋਟਲ ਵਿੱਚ ਹੋਵੇਗਾ।

ਬ੍ਰਿਟਿਸ਼ ਪਾਸਪੋਰਟ ਲਈ 2 ਫੋਟੋ ਅਤੇ ਇੰਡੀਅਨ ਪਾਸਪੋਰਟ ਵਾਲੇ 2 ਫੋਟੋ, ਐਪਲੀਕੇਸ਼ਨ ਫਾਰਮ ਨਾਲ ਭੇਜੀਆਂ ਜਾਣ।

☛ ਯਾਤਰੀ ਆਪਣੇ ਨਾਮ ਛੇਤੀ ਤੋਂ ਛੇਤੀ ਦਿੱਤੇ ਗਏ ਨੰਬਰਾਂ 'ਤੇ ਨਾਮ ਲਿਖਵਾਉਣ ਦੀ ਕ੍ਰਿਪਾਲਤਾ ਕਰਨ।

☛ ਯਾਤਰੀਆਂ ਦੇ ਪਾਸਪੋਰਟ ਦੀ ਮਿਆਦ ਅਗਲੇ ਸਾਲ ਜੂਨ ਮਹੀਨੇ ਤੱਕ ਜ਼ਰੂਰੀ ਹੈ।

ਪ੍ਰੋਗਰਾਮ ਵਿੱਚ ਅਦਲਾ-ਬਦਲੀ ਕਰਨ ਦੇ ਪ੍ਰਬੰਧਕਾਂ ਦੇ ਹੱਕ ਰਾਖਵੇਂ ਹਨ।

**BOOK YOUR SEATS NOW**

★-- ਗੁਰੂ ਪੰਥ ਦੇ ਸੇਵਾਦਾਰ --★

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

• ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall

+447976210161

• ਭਾਈ ਬਲਜੀਤ ਸਿਘ ਕੰਗ/Bhai Baljit Singh Kang

+44 7780 605230

• ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)

+44 7568 517223

Website : www.nsycuk.com

E-mail : gnstuk@hotmail.com

ਆਵਾਜ਼ਿ ਕੌਮ AWAZE QAUM International Newspaper & WEB TV

### ਚੇਅਰਮੈਨ ਜਸਪ੍ਰੀਤ ਸਿੰਘ ਵਲੋਂ ਸਰਕਾਰੀ ਐਲੀਮੈਂਟਰੀ ਸਕੂਲ ਪਿੰਡ ਸੁਲਤਾਨਵਿੰਡ ਵਿਖੇ

# ਵਿਦਿਆਰਥੀਆ ਨੂੰ ਵੰਡੇ 220 ਬੈਗ



**ਚੌਕ ਮਹਿਤਾ, 3 ਮਾਰਚ (ਬਾਬਾ ਸੁਖਵੰਤ ਸਿੰਘ ਚੰਨਣਕੇ )**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਰਕਾਰੀ ਸਕੂਲਾਂ ਵਿੱਚ ਪੜ ਰਹੇ ਬੱਚਿਆਂ ਨੂੰ ਉੱਚ ਮਿਆਰੀ ਵਿੱਦਿਆ ਦੇ ਨਾਲ ਹੋਰ ਵੀ ਸਹੂਲਤਾਂ ਦਿੱਤੀਆ ਜਾ ਰਹੀਆਂ ਹਨ ਪ੍ਰਾਈਵੇਟ ਸਕੂਲਾਂ ਨੂੰ ਛੱਡ ਕੇ ਵਿਦਿਅਰਥੀਆ ਦਾ ਰੁਝਾਨ ਸਰਕਾਰੀ ਸਕੂਲਾਂ ਵੱਲ ਜ਼ਿਆਦਾ ਵੱਧ ਰਿਹਾ ਹੈ ਪੰਜਾਬ ਦੇ ਨੌਜਵਾਨਾਂ ਨੂੰ ਰੋਜ਼ਗਾਰ ਦੇਣ ਅਤੇ ਓਹਨਾਂ ਨੂੰ ਆਪਣੇ ਪੈਰਾਂ ਤੇ ਖੜੇ ਕਰਨ ਲਈ ਪੰਜਾਬ ਸਰਕਾਰ ਵਿਸ਼ੇਸ਼ ਤਰਾ ਦੇ ਉਪਰਾਲੇ ਕਰ ਰਹੀ ਹੈ ਜਿਸਦੇ ਤਹਿਤ ਹੁਣ ਤੱਕ ਪੰਜਾਬ ਸਰਕਾਰ ਵਲੋ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆ ਗਈਆਂ ਹਨ ਸੂਬਾ ਸਰਕਾਰ ਵਲੋ ਹਰ ਖੇਤਰ ਵਿੱਚ ਆਮ ਲੋਕਾਂ ਦੀ ਭਲਾਈ ਲਈ ਲਗਾਤਾਰ ਹੋਰ ਉਪਰਾਲੇ ਕੀਤੇ ਜਾ ਰਹੇ ਹਨ ਜਿਨ੍ਹਾਂ ਦਾ ਸੂਬਾ ਵਾਸੀ ਭਰਪੂਰ ਲਾਹਾ ਲੈ ਰਹੇ ਹਨ ਜਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਜਸਪ੍ਰੀਤ ਸਿੰਘ ਵਲੋਂ ਹਲਕਾ ਦੱਖਣੀ ਦੇ ਸਰਕਾਰੀ ਐਲੀਮੈਂਟਰੀ ਸਕੂਲ ਪਿੰਡ ਸੁਲਤਾਨਵਿੰਡ(ਲੜਕੇ) ਵਿਖੇ ਵਿਦਿਅਰਥੀਆ ਨੂੰ 220 ਸਕੂਲ ਬੈਗ ਵੰਡੇ ਗਏ ਇਸ ਮੌਕੇ ਜਸਪ੍ਰੀਤ ਸਿੰਘ ਨੇ ਕਿਹਾ ਕਿ ਸਰਕਾਰੀ ਸਕੂਲ ਪ੍ਰਾਈਵੇਟ ਸਕੂਲ ਨੂੰ ਮਾਤ ਪਾ ਰਹੇ ਹਨ ਇਸ ਮੌਕੇ ਸਕੂਲ ਪ੍ਰਿੰਸੀਪਲ, ਸੁਖਵਿੰਦਰ ਸਿੰਘ, ਸੁਖਬੀਰ ਸਿੰਘ ਮਾਹਲ, ਵਰਪਾਲ ਸਿੰਘ ਬੱਬਰ ਕੌਂਸਲਰ, ਬਲਬੀਰ ਸਿੰਘ ਕਪੂਰ, ਜੈ ਦੀਪ ਸਿੰਘ, ਗੁਰਦਿਆਲ ਸਿੰਘ, ਕੌਂਸਲਰ ਗੁਰਜੀਤ ਕੌਰ ਵਾਰਡ ਨੰਬਰ 37,ਵਿਪਿਨ ਆਦਿ ਹਾਜ਼ਰ ਸਨ।

### ਯੂਨੀਵਰਸਿਟੀ ਕਾਲਜ ਬੇਨੜਾ ਦੇ ਵਿਦਿਆਰਥੀਆਂ ਨੇ

# ਉਦਯੋਗਿਕ ਟੂਰ ਲਗਾਇਆ



ਧੂਰੀ, 03 ਮਾਰਚ: ਕਾਲਜ ਪ੍ਰਿੰਸੀਪਲ ਡਾ. ਹਰਵਿੰਦਰ ਸਿੰਘ ਮੰਡ ਦੀ ਸਰਪ੍ਰਸਤੀ ਵਿੱਚ ਯੂਨੀਵਰਸਿਟੀ ਕਾਲਜ ਬੇਨੜਾ ਦੇ ਬੀ-ਐੱਸ.ਸੀ ਦੇ ਵਿਦਿਆਰਥੀਆਂ ਨੇ ਰਾਈਸੈਲਾ ਹੈਲਥ ਕੇਅਰ ਦੇ ਨਾਂ ਵਜੋਂ ਜਾਣੀ ਜਾਂਦੀ ਧੂਰੀ ਦੀ ਪ੍ਰਸਿੱਧ ਇੰਡਸਟਰੀ ਏ.ਪੀ ਆਰਗੈਨਿਕ ਲਿਮਟਿਡ ਦਾ ਟੂਰ ਲਗਾਇਆ। ਇਸ ਟੂਰ ਦਾ ਮੁੱਖ ਉਦੇਸ਼ ਵਿਦਿਆਰਥੀਆਂ ਵਿੱਚ ਸਾਇੰਸ ਪ੍ਰਤੀ ਰੁਚੀ ਪੈਦਾ ਕਰਨ ਤੋਂ ਇਲਾਵਾ ਵਿਦਿਆਰਥੀਆਂ ਨੂੰ ਵਿਵਹਾਰਿਕ ਤੌਰ 'ਤੇ ਤਕਨੀਕੀ ਜਾਣਕਾਰੀ ਤੋਂ ਜਾਣੂ ਕਰਵਾਉਣਾ ਸੀ। ਮੁੱਖ ਇੰਜੀਨੀਅਰ ਸ੍ਰੀ ਵਿਜੇ ਕੁਮਾਰ ਨੇ ਵਿਦਿਆਰਥੀਆਂ ਨੂੰ ਰਾਈਸ ਬਰਾਨ ਆਇਲ ਦੀ ਪ੍ਰੋਸੈਸਿੰਗ ਨੂੰ ਵਿਸਥਾਰ ਪੂਰਵਕ ਸਮਝਾਉਣ ਦੇ ਨਾਲ ਨਾਲ ਰਿਸਰਚ ਅਤੇ ਡਿਵੈਲਪਮੈਂਟ ਲੈਬ ਵਿਖੇ ਵੱਖ-ਵੱਖ ਇੰਸਟਰੂਮੈਂਟਸ ਦੀ ਵਰਕਿੰਗ ਬਾਰੇ ਵੀ ਜਾਣੂ ਕਰਵਾਇਆ। ਇਸ ਮੌਕੇ ਡਾ. ਰਾਕੇਸ਼ ਕੁਮਾਰ, ਡਾ. ਗਗਨਦੀਪ ਸਿੰਘ, ਡਾ. ਮਨਜੋਤ ਕੌਰ, ਪ੍ਰੋ. ਸਾਹਿਲ ਗਰਗ, ਪ੍ਰੋ. ਸਾਰਾ ਗੋਇਲ, ਪ੍ਰੋ. ਹਰਪ੍ਰੀਤ ਕੌਰ ਅਤੇ ਪ੍ਰੋ.ਪ੍ਰਭਜੋਤ ਕੌਰ ਮੌਜੂਦ ਸਨ।

### ਕੇਜਰੀਵਾਲ ਸਰਕਾਰ ਵਲੋਂ ਬੰਦ ਕੀਤੇ ਗਏ ਪੰਜਾਬੀ ਭਾਸ਼ਾ ਅਧਿਆਪਨ ਕੇਂਦਰ ਜਲਦੀ ਸ਼ੁਰੂ ਕਰਨ ਲਈ

# ਸਿੱਖ ਮੰਤਰੀ ਸਿਰਸਾ ਨੂੰ ਦਿੱਤਾ ਮੰਗਪੱਤਰ




ਨਵੀਂ ਦਿੱਲੀ 3 ਮਾਰਚ (ਮਨਪ੍ਰੀਤ ਸਿੰਘ ਖਾਲਸਾ):- ਪੌਡ ਸਿੱਖਿਆ ਕੇਂਦਰ ਸਕੀਮ ਤਹਿਤ ਪੰਜਾਬੀ ਭਾਸ਼ਾ ਸਿਖਾਉਣ ਦੇ ਕੇਂਦਰ ਚਲਾ ਰਹੇ ਪੰਜਾਬੀ ਭਾਸ਼ਾ ਦੇ ਅਧਿਆਪਕਾਂ ਨੇ ਦਿੱਲੀ ਦੇ ਉਪ ਰਾਜਪਾਲ ਪਾਲ ਵਿਨੈ ਸਕਸੈਨਾ, ਮੁੱਖ ਮੰਤਰੀ ਰੇਖਾ ਗੁਪਤਾ, ਸਿੱਖ ਕੈਬਨਿਟ ਮੰਤਰੀ ਮਨਜਿੰਦਰ ਸਿੰਘ ਸਿਰਸਾ ਸਮੇਤ ਕਲਾ, ਸੱਭਿਆਚਾਰ ਤੇ ਕੈਬਨਿਟ ਮੰਤਰੀ ਕਪਿਲ ਮਿਸ਼ਰਾ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਦਿੱਲੀ ਦੇ ਵੱਖ-ਵੱਖ ਖੇਤਰਾਂ ਵਿੱਚ ਪੰਜਾਬੀ ਭਾਸ਼ਾ ਸਿਖਾਉਣ ਲਈ ਪਿਛਲੇ 27 ਸਾਲਾਂ ਤੋਂ ਚੱਲ ਰਹੇ ਕੇਂਦਰ ਅਤੇ ਭਾਸ਼ਾ ਵਿਭਾਗ ਸਿੰਘ ਸਭਾ ਗੁਰਦੁਆਰੇ, ਜੋ ਕਿ ਪੰਜਾਬੀ ਅਕੈਡਮੀ ਨੂੰ ਚਲਾਉਣ ਵਾਲੀ ਗਵਰਨਿੰਗ ਬਾਡੀ ਦਾ ਗਠਨ ਨਾ ਹੋਣ ਕਾਰਨ ਅਗਸਤ 2024 ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਇਨ੍ਹਾਂ ਕੇਂਦਰਾਂ ਨੂੰ ਬੰਦ ਕਰ ਦਿੱਤਾ ਗਿਆ ਸੀ, ਜਿਸ ਕਾਰਨ ਪੰਜਾਬੀ ਭਾਸ਼ਾ ਸਿੱਖਣ ਦੇ ਚਾਹਵਾਨਾਂ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਜਲਦੀ ਹੀ ਪੰਜਾਬੀ ਭਾਸ਼ਾ ਪੜ੍ਹਾਉਣ ਵਾਲੇ ਕੇਂਦਰ ਨੂੰ ਦੁਬਾਰਾ ਸ਼ੁਰੂ ਕਰਨਾ ਚਾਹੀਦਾ ਹੈ।ਪੰਜਾਬੀ ਅਕਾਦਮੀ ਦੇ ਅਧੀਨ ਚੱਲ ਰਹੇ ਅਧਿਆਪਕਾਂ ਨੇ ਦੱਸਿਆ ਕਿ ਇਸ ਮਾਮਲੇ ਲਈ ਸਿੱਖ ਮੰਤਰੀ ਮਨਜਿੰਦਰ ਸਿੰਘ ਸਿਰਸਾ ਨੂੰ ਵੀ ਮਿਲਣ ਲਈ ਸਮਾਂ ਮੰਗਿਆ ਗਿਆ ਹੈਂ ਅਤੇ ਮੰਗ ਕੀਤੀ ਹੈ ਕਿ ਪੰਜਾਬੀ ਅਕਾਦਮੀ ਚਲਾ ਰਹੀ ਪੰਜਾਬੀ ਅਕਾਦਮੀ ਦੀ ਗਵਰਨਿੰਗ ਬਾਡੀ ਜਲਦੀ ਤੋਂ ਜਲਦੀ ਬਣਾਈ ਜਾਵੇ ਤਾਂ ਜੋ ਵੱਖ-ਵੱਖ ਗੁਰਦੁਆਰਾ ਸਾਹਿਬਾਨਾਂ ਵਿਚ ਪੰਜਾਬੀ ਭਾਸ਼ਾ ਪੜ੍ਹਾਉਣ ਵਾਲੇ ਕੇਂਦਰਾਂ ਨੂੰ ਮੁੜ ਤੋਂ ਸ਼ੁਰੂ ਕੀਤਾ ਜਾ ਸਕੇ। ਅਧਿਆਪਕਾਂ ਦੀ ਮੰਗ ਹੈ ਕਿ ਮਨਜਿੰਦਰ ਸਿੰਘ ਸਿਰਸਾ ਸਿੱਖ ਮੰਤਰੀ ਹਨ, ਉਹ ਇਸ ਸਮੱਸਿਆ ਦਾ ਤੁਰੰਤ ਹੱਲ ਕਰਨ ਤਾਂ ਜੋ ਪੰਜਾਬੀ ਭਾਸ਼ਾ ਦਾ ਪਹਿਲਾਂ ਵਾਂਗ ਪ੍ਰਚਾਰ ਹੋ ਸਕੇ।

# ਅਰਦਾਸ ਬਦਲਣ ਵਾਲੇ ਪੰਥ ਦੋਖੀਆਂ ਨੂੰ ਅਕਾਲ ਤਖ਼ਤ ਸਾਹਿਬ 'ਤੇ ਥੰਮਲਿਆਂ ਨਾਲ ਬੰਨ੍ਹ ਕੇ ਹਰ ਸਿੱਖ ਵੱਲੋਂ ਡਾਂਗ ਫੇਰਨੀ ਚਾਹੀਦੀ ਹੈ : ਭਾਈ ਰਣਜੀਤ ਸਿੰਘ ਦਮਦਮੀ ਟਕਸਾਲ



**ਅੰਮ੍ਰਿਤਸਰ, 2 ਮਾਰਚ (ਆਵਾਜ਼ਿ ਕੌਮ ਬਿਊਰੋ)**-ਦਿੱਲੀ ਦੇ ਇੱਕ ਗੁਰਦੁਆਰਾ ਸਾਹਿਬ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਛੇਕੇ ਪ੍ਰੋਫੈਸਰ ਦਰਸ਼ਨ ਸਿੰਘ ਦੀ ਜੁੰਡਲੀ ਨੇ ਇੱਕ ਸਾਜ਼ਿਸ਼ ਤਹਿਤ ਸਿੱਖ ਧਰਮ ਦੀ ਅਰਦਾਸ ਬਦਲ ਕੇ ਖ਼ਾਲਸਾ ਪੰਥ ਉੱਤੇ ਇੱਕ ਵੱਡਾ ਹਮਲਾ ਕੀਤਾ ਹੈ ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਪੰਥ ਦੋਖੀਆਂ ਦੀ ਇਸ ਹਰਕਤ ਨਾਲ ਖ਼ਾਲਸਾ ਪੰਥ ਵਿੱਚ ਭਾਰੀ ਰੋਹ ਅਤੇ ਰੋਸ ਹੈ। ਇਹਨਾਂ ਗੁਰੂ ਦੋਖੀਆਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਹੇਠਾਂ ਥੰਮਲਿਆਂ ਨਾਲ ਬੰਨ੍ਹ ਕੇ ਹਰ ਸਿੱਖ ਵੱਲੋਂ ਡਾਂਗ ਫੇਰਨੀ ਚਾਹੀਦੀ ਹੈ। ਇਹ ਵਿਚਾਰ ਸਾਂਝੇ ਕਰਦਿਆਂ ਸਿੱਖ ਪ੍ਰਚਾਰਕ, ਪੰਥਕ ਲੇਖਕ ਤੇ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਕੌਮੀ ਪ੍ਰਧਾਨ ਭਾਈ ਰਣਜੀਤ ਸਿੰਘ ਵਿਦਿਆਰਥੀ ਦਮਦਮੀ ਟਕਸਾਲ ਨੇ ਕਿਹਾ ਕਿ ਪੰਥ ਦੋਖੀਆਂ ਦੀ ਅੱਤ ਦਾ ਹੁਣ ਅੰਤ ਆ ਗਿਆ ਹੈ, ਇਸ ਨੂੰ ਇੱਥੇ ਹੀ ਠੱਲ੍ਹ ਪਾਉਣੀ ਬੇਹੱਦ ਜ਼ਰੂਰੀ ਹੈ। ਉਹਨਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਰਬੱਤ ਖ਼ਾਲਸਾ ਵੱਲੋਂ ਥਾਪੇ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਥਾਪੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਇਹਨਾਂ ਪੰਥ ਦੋਖੀਆਂ ਖ਼ਿਲਾਫ਼ ਤੁਰੰਤ ਸਖ਼ਤ ਅਤੇ ਮਿਸਾਲੀ ਕਾਰਵਾਈ ਕਰਨੀ ਚਾਹੀਦੀ ਹੈ ਕਿਉਂਕਿ ਇਹ ਸਿੱਖੀ ਸਿਧਾਂਤਾਂ, ਪ੍ਰੰਪਰਾਵਾਂ ਤੇ ਮਰਯਾਦਾ ਉੱਤੇ ਇੱਕ ਸਾਜ਼ਿਸ਼ ਤਹਿਤ ਗੁਰੂ ਦੋਖੀਆਂ ਵੱਲੋਂ ਵੱਡਾ ਹਮਲਾ ਕੀਤਾ ਗਿਆ ਹੈ, ਇਹ ਭਾਰੀ ਬੇਅਦਬੀ ਅਤੇ ਗੁ.ਨਾਹ ਹੈ, ਇਹਨਾਂ ਮੁਜਰਿਮਾਂ ਅਤੇ ਗੁਨਾਹਗਾਰਾਂ ਦੀ ਪੰਥ ਵਿੱਚ ਕੋਈ ਥਾਂ ਨਹੀਂ ਹੈ, ਸੰਗਤਾਂ ਥਾਂ-ਥਾਂ ਉੱਤੇ ਇਹਨਾਂ ਦਾ ਡਟਵਾਂ ਵਿਰੋਧ ਕਰਨ। ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਪਹਿਲਾਂ ਵੀ ਪੰਥ ਦੋਖੀਆਂ ਵੱਲੋਂ ਅਮਰੀਕਾ ਦੇ ਵਰਜੀਨੀਆ ਸ਼ਹਿਰ ਵਿੱਚ ਅੰਮ੍ਰਿਤ ਸੰਚਾਰ ਅਤੇ ਨਿਤਨੇਮ ਦੀਆਂ ਬਾਣੀਆਂ ਨੂੰ ਬਦਲਣ ਦਾ ਯਤਨ ਕੀਤਾ ਗਿਆ ਸੀ, ਇਹ ਸਿੱਖੀ ਦੇ ਮੂਲ ਸਿਧਾਂਤਾਂ ਉੱਤੇ ਹਮਲੇ ਕਰਕੇ ਸਿੱਖੀ ਦੀਆਂ ਜੜ੍ਹਾਂ ਖੋਖਲੀਆਂ ਕਰਨੀਆਂ ਚਾਹੁੰਦੇ ਹਨ ਪਰ ਗੁਰੂ ਕਾ ਖ਼ਾਲਸਾ ਇਹਨਾਂ ਪੰਥ ਦੋਖੀਆਂ ਖ਼ਿਲਾਫ਼ ਨਿੱਤਰੇਗਾ। ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਇਹ ਲੋਕ ਭਾਰਤੀ ਏਜੰਸੀਆਂ ਅਤੇ ਆਰ ਐਸ ਐਸ ਦੇ ਕਰਿੰਦੇ ਹਨ ਅਤੇ ਜੂਨ 1984 ਤੋਂ ਬਾਅਦ ਸਿੱਖ ਧਰਮ ਵਿੱਚ ਵੰਡੀਆਂ ਪਾਉਣ ਲਈ ਅਜਿਹੇ ਭਾੜੇ ਦੇ ਟੱਟੂ ਪੈਦਾ ਕੀਤੇ ਗਏ ਹਨ ਤਾਂ ਜੋ ਨਵੇਂ ਤੋਂ ਨਵਾਂ ਵਿਵਾਦ ਪੈਦਾ ਕਰਕੇ ਸਿੱਖਾਂ ਵਿੱਚ ਭਰਾ ਮਾਰੂ ਜੰਗ, ਧਰਮ ਪ੍ਰਤੀ ਸ਼ੰਕਾ ਅਤੇ ਗੁਰਬਾਣੀ, ਇਤਿਹਾਸ, ਮਰਯਾਦਾ ਤੇ ਸਿਧਾਂਤਾਂ ਨੂੰ ਰੱਦ ਕੀਤਾ ਜਾ ਸਕੇ, ਪਰ ਪੰਥ ਦੋਖੀਆਂ ਦੀ ਇਸ ਚਾਲ ਨੂੰ ਅਸੀਂ ਸਫਲ ਨਹੀਂ ਹੋਣ ਦਿਆਂਗੇ। ਉਹਨਾਂ ਕਿਹਾ ਕਿ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਸਮੁੱਚੀਆਂ ਸੰਪਰਦਾਵਾਂ ਦੇ ਮੁਖੀ, ਪੰਥਕ ਜਥੇਬੰਦੀਆਂ ਦੇ ਆਗੂ, ਸੰਸਥਾਵਾਂ ਦੇ ਅਹੁਦੇਦਾਰ ਇਸ ਮਸਲੇ ਨੂੰ ਹਲਕੇ ਵਿੱਚ ਨਾ ਲੈਣ ਤੇ ਇਹਨਾਂ ਲੋਕਾਂ ਨੂੰ ਮੂੰਹ ਤੋੜਵਾਂ ਜਵਾਬ ਦੇਣ। ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਇਹ ਵੀ ਕਿਹਾ ਕਿ ਜਿਸ ਸਮੇਂ ਭਾਰਤ ਸਰਕਾਰ ਵਿਰੁੱਧ ਸਿੱਖਾਂ ਦਾ ਸੰਘਰਸ਼ ਚੱਲ ਰਿਹਾ ਹੈ, ਵਿਦੇਸ਼ਾਂ ਵਿੱਚ ਖ਼ਾਲਿਸਤਾਨ ਦੀ ਚਰਚਾ ਹੋ ਰਹੀ ਹੈ, ਸਿੰਘਾਂ ਦੀਆਂ ਸ਼ਹੀਦੀਆਂ ਹੋ ਰਹੀਆਂ ਹਨ ਅਤੇ ਕੌਮ ਹੋਂਦ ਦੀ ਲੜਾਈ ਲੜ ਰਹੀ ਹੈ ਉਸ ਸਮੇਂ ਪ੍ਰੋਫੈਸਰ ਦਰਸ਼ਨ ਸਿੰਘ ਅਤੇ ਕੁਝ ਹੋਰ ਪੰਥ ਦੋਖੀਆਂ ਵੱਲੋਂ ਗੁਰਬਾਣੀ, ਇਤਿਹਾਸ, ਮਰਯਾਦਾ ਤੇ ਸਿੱਖੀ ਦੇ ਸਿਧਾਂਤਾਂ ਉੱਤੇ ਕਿੰਤੂ ਕੀਤਾ ਜਾ ਰਿਹਾ ਹੈ, ਇਹ ਸਿੱਖ ਕੌਮ ਦੀ ਸਰੀਰਕ ਨਸਲਕੁਸ਼ੀ ਤੋਂ ਬਾਅਦ ਸਿਧਾਂਤਕ ਨਸਲਕੁਸ਼ੀ ਹੈ ਜਿਸ ਨੂੰ ਰੋਕਣ ਲਈ ਹਰ ਸਿੱਖ ਨੂੰ ਤਤਪਰ ਰਹਿਣਾ ਚਾਹੀਦਾ ਹੈ।

# ਸਠਿਆਲਾ 'ਚ ਪੰਜਾਬੀ ਸਾਹਿਤ ਸਭਾ ਸਠਿਆਲਾ ਦਾ ਨਵੇਂ ਲੇਖਕਾਂ ਦੇ ਸਹਿਯੋਗ ਨਾਲ ਗਠਨ

### ਸਾ: ਸਰਪੰਚ ਦਲਵਿੰਦਰ ਸਿੰਘ ਸਰਪ੍ਰਸਤ, ਸ: ਕਰਨਬੀਰ ਸਿੰਘ ਸਫਰੀ ਪ੍ਰਧਾਨ ਬਣੇ



**ਚੌਕ ਮਹਿਤਾ, 3 ਮਾਰਚ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਕਸਬਾ ਸਠਿਆਲਾ ਵਿਖੇ ਸਾਬਕਾ ਸਰਪੰਚ ਦਲਵਿੰਦਰ ਸਿੰਘ ਦੀ ਅਗਵਾਈ ਵਿਚ ਨਵੇਂ ਲੇਖਕਾਂ ਦੇ ਸਹਿਯੋਗ ਨਾਲ ਪੰਜਾਬੀ ਸਾਹਿਤ ਸਭਾ ਸਠਿਆਲਾ ਦਾ ਗਠਨ ਕੀਤਾ ਗਿਆ। ਇਸ ਮੌਕੇ ਤੇ ਲੇਖਕ ਤੇ ਗੀਤਕਾਰ ਧਰਮਿੰਦਰ ਸਿੰਘ, ਲੇਖਕ ਨਛੱਤਰ ਸਠਿਆਲਾ ਬੱਲ, ਲੇਖਕ ਅਰਜਿੰਦਰ ਸਿੰਘ, ਲੇਖਕ ਮਾ: ਜਗੀਰ ਸਿੰਘ ਸਠਿਆਲਾ ,ਲੇਖਕ ਸਕੱਤਰ ਸਿੰਘ, ਲੇਖਕ ਸੁਰਜੀਤ ਸਿੰਘ ਜੀਤੂ ਤੇ ਸਰਪੰਚ ਗੁਰਜਿੰਦਰ ਸਿੰਘ ਗਿੰਦਾ, ਸਾਬਕਾ ਸਰਪੰਚ ਦਲਵਿੰਦਰ ਸਿੰਘ, ਸਾਬਕਾ ਸਰਪੰਚ ਗੁਰਪ੍ਰਤਾਪ ਸਿੰਘ ਭਿੱਲਾ, ਹਰਜਿੰਦਰ ਸਿੰਘ ਰਾਜੂ, ਜਸਵੰਤ ਸਿੰਘ, ਦਲਜੀਤ ਸਿੰਘ ਕੂਕਾ ਵਲੋਂ ਸਰਸੰਮਤੀ ਨਾਲ ਪੰਜਾਬੀ ਸਾਹਿਤ ਸਭਾ ਸਠਿਆਲਾ ਦਾ ਸਾਬਕਾ ਸਰਪੰਚ ਦਲਵਿੰਦਰ ਸਿੰਘ ਨੂੰ ਸਰਪ੍ਰਸਤ ਤੇ ਸ: ਕਰਨਬੀਰ ਸਿੰਘ ਸਫਰੀ ਡਬਲ ਐਮ.ਏ ਬੀ.ਐਡ ਨੂੰ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਇਸ ਮੌਕੇ ਤੇ ਸਾਬਕਾ ਸਰਪੰਚ ਗੁਰਪ੍ਰਤਾਪ ਸਿੰਘ ਵਲੋਂ ਪੰਜਾਬੀ ਸਾਹਿਤ ਸਭਾ ਦੇ ਨਵੇਂ ਚੁਣੇ ਅਹੁਦੇਦਾਰਾਂ ਨੂੰ ਵਧਾਈ ਦਿੰਦਿਆ ਉਮੀਦ ਜਾਹਰ ਕੀਤੀ ਹੈ ਕਿ ਉਹ ਪਿੰਡ ਸਠਿਆਲਾ ਵਿਚ ਸਾਹਿਤਕ ਸਰਗਰਮੀਆ ਕਰਵਾਉਣ ਵਿਚ ਮੋਹਰੀ ਭੂਮਿਕਾ ਨਿਭਾਉਣਗੇ ਤੇ ਪੰਜਾਬੀ ਮਾਂ ਬੋਲੀ ਨੂੰ ਪ੍ਰਫੁਲਿਤ ਕਰਨਗੇ। ਇਸ ਮੌਕੇ ਤੇ ਮਾ: ਨਛੱਤਰ ਸਿੰਘ ਬੱਲ ਨੇ ਕਿਹਾ ਕਿ ਪੰਜਾਬੀ ਸਾਹਿਤ ਸਠਿਆਲਾ ਦਾ ਗਠਨ ਕਰਨ ਦੀ ਲੋੜ ਪਈ ਤਾਂ ਕਿ ਅਜੋਕੀ ਪੀੜੀ ਪੰਜਾਬੀ ਮਾਂ ਬੋਲੀ ਤੋਂ ਦੂਰ ਹੁੰਦੇ ਜਾ ਰਹੇ ਹਨ ਤੇ ਨੌਜਵਾਨਾਂ ਨੂੰ ਦੂਸਰੇ ਵਿਸ਼ੇ ਪੜ੍ਹਨ ਦੇ ਨਾਲ ਨਾਲ ਪੰਜਾਬੀ ਮਾਂ ਬੋਲੀ ਨਾਲ ਮੋਹ ਪਾ ਸਕਣ। ਇਸ ਮੌਕੇ ਤੇ ਨਵਨਿਯੁਕਤ ਸਰਪ੍ਰਸਤ ਸਾ: ਸਰਪੰਚ ਦਲਵਿੰਦਰ ਸਿੰਘ ਤੇ ਨਵ ਨਿਯੁਕਤ ਪ੍ਰਧਾਨ ਸ: ਕਰਨਬੀਰ ਸਿੰਘ ਸਫਰੀ ਨੇ ਕਿਹਾ ਕਿ ਜੋ ਜੁਮੇਂਵਾਰੀ ਦਿੱਤੀ ਗਈ, ਉਸ ਨੂੰ ਤਨਦੇਹੀ ਨਾਲ ਨਿਭਾਉਣਗੇ ।ਉਨ੍ਹਾਂ ਨੇ ਕਿਹਾ ਕਿ ਪੰਜਾਬੀ ਸਾਹਿਤ ਸਭਾ ਸਠਿਆਲਾ ਵਲੋਂ ਪਲੇਠਾ ਸਮਾਗਮ ਬਾਬਾ ਗੋਬਿੰਦ ਐਂਡ ਬ੍ਰਿਗੇਡੀਅਰ ਮੈਮੋਰੀਅਲ ਸੀਨੀ: ਸਕੂਲ ਸਠਿਆਲਾ ਵਿਖੇ ਪ੍ਰਮੁੱਖ ਸ਼ਖਸ਼ੀਅਤਾਂ ਦੀ ਹਾਜ਼ਰੀ ਵਿਚ ਮਾਰਚ ਮਹੀਨੇ ਦੇ ਦੂਸਰੇ ਸ਼ਿਨਚਰਵਾਰ ਨੂੰ ਕੀਤਾ ਜਾਵੇਗਾ। ਇਸ ਸਮਾਗਮ ਵਿਚ ਕਸਬਾ ਸਠਿਆਲਾ ਦੇ ਉਭਰ ਰਹੇ ਲੇਖਕਾਂ ਨੂੰ ਮੌਕਾ ਦਿੱਤਾ ਜਾਵੇਗਾ।

**ਉਤਰਾਖੰਡ ਰਿਸੀਕੇਸ'ਚ ਦੋ ਸਿੱਖ ਭਰਾਵਾਂ ਦੀ ਕੁੱਟਮਾਰ,ਦਸਦਾਰ ਬੇਅਦਬੀ ਤੇ ਸ਼ੋਅ ਰੂਮ ਤੋੜਨ ਵਾਲੀ ਮੰਦਭਾਗੀ ਘਟਨਾ ਨੇ**

# ਘੱਟ ਗਿਣਤੀਆਂ 'ਚ ਡਰ, ਸਹਿਮ ਦਾ ਮਾਹੌਲ ਪੈਦਾ ਕੀਤਾ : ਜਥੇ ਮੇਜਰ ਸਿੰਘ ਸੋਢੀ, ਭਾਈ ਖਾਲਸਾ



**ਜੰਡਿਆਲਾ ਗੁਰੂ, 3 ਮਾਰਚ ( ਕੁਲਵੰਤ ਸਿੰਘ ਵਿਰਦੀ)**-ਉਤਰਾਖੰਡ ਦੇ ਰਿਸ਼ੀਕੇਸ'ਚ ਦੋ ਸਕੇ ਸਿੱਖ ਭਰਾਵਾਂ ਦੀ ਭੜਕੀ ਭੀੜ ਵੱਲੋਂ ਬੇਹੱਦ ਕੁੱਟਮਾਰ ਤੇ ਦਸਤਾਰਾਂ ਦੀ ਬੇਅਬਦੀ ਦੇ ਨਾਲ ਨਾਲ ਸੋਅਰੋਮ ਦੀ ਭੰਨਤੋੜ ਕਰਨ ਵਾਲੀ ਮੱਧਭਾਗੀ ਘਟਨਾ ਦੀ ਦਸਮੇਸ਼ ਤਰਨਦਲ ਦੇ ਮੁੱਖੀ ਸਿੰਘ ਸਾਹਿਬ ਜਥੇਦਾਰ ਬਾਬਾ ਮੇਜਰ ਸਿੰਘ ਸੋਢੀ ਸਾਹਿਬ ਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਦੇ ਕੌਮੀ ਪ੍ਰਧਾਨ ਭਾਈ ਵਿਰਸਾ ਸਿੰਘ ਖਾਲਸਾ ਨੇ ਇੱਕ ਸਾਂਝੇ ਪ੍ਰੈਸ ਬਿਆਨ ਰਾਹੀਂ ਜ਼ੋਰਦਾਰ ਸ਼ਬਦਾਂ'ਚ ਨਿੰਦਾ ਕਰਦਿਆਂ ਉਤਰਾਖੰਡ ਦੇ ਮੁੱਖ ਮੰਤਰੀ ਤੇ ਸਿੱਖ ਗਵਰਨਰ ਸਾਹਿਬ ਨੂੰ ਅਪੀਲ ਕੀਤੀ ਕਿ ਉਹ ਉਤਰਾਖੰਡ'ਚ ਦੋ ਸਿੱਖ ਭਰਾਵਾਂ ਦੀ ਭੜਕੀ ਭੀੜ ਵੱਲੋਂ ਕੀਤੀ ਬੇਹੱਦ ਕੁੱਟਮਾਰ ਤੇ ਦਸਤਾਰਾਂ ਦੀ ਬੇਅਬਦੀ ਕਰਨ ਵਾਲੀ ਘਟਨਾ ਦੀ ਉੱਚ ਪੱਧਰੀ ਜਾਂਚ ਕਰਵਾਉਣ ਤੇ ਦੋਸ਼ੀਆਂ ਖਿਲਾਫ ਸਖਤ ਤੋਂ ਸਖਤ ਕਾਰਵਾਈ ਕਰਨ ਦੀ ਲੋੜ ਤੇ ਜੋਰ ਦੇਣ, ਜਥੇਦਾਰ ਸੋਢੀ ਤੇ ਭਾਈ ਖਾਲਸਾ ਕਿਹਾ ਇਸ ਘਟਨਾ ਨਾਲ ਜਿੱਥੇ ਦੇਸ਼ਾਂ ਵਿਦੇਸ਼ਾਂ ਵਿੱਚ ਵੱਸਦੇ ਸਿੱਖਾਂ ਦੀਆਂ ਧਾਰਮਿਕ ਮਨ ਭਾਵਨਾਵਾਂ ਨੂੰ ਗਹਿਰੀ ਠੇਸ ਪਹੁੰਚੀ ਹੈ,ਉਥੇ ਦੇਸ਼'ਚ ਵੱਸ ਰਹੇ ਘੱਟ ਗਿਣਤੀ ਦੇ ਲੋਕਾਂ'ਚ ਸਹਿਮ,ਡਰ ਤੇ ਬੇਗਾਨਗੀ ਵਾਲਾ ਅਹਿਸਾਸ ਤੇ ਗਹਿਰੀ ਚਿੰਤਾ ਦਾ ਮਹੌਲ ਬਣਿਆ ਪਿਆ ਹੈ, ਇੰਨ੍ਹਾਂ ਪੰਥਕ ਆਗੂਆਂ ਨੇ ਕਿਹਾ ਭੜਕੀ ਭੀੜ ਵੱਲੋਂ ਰਿਸ਼ੀਕੇਸ਼'ਚ ਦੋ ਸਕੇ ਸਿੱਖ ਭਰਾਵਾਂ ਨਾਲ ਕੀਤੀ ਕੁੱਟਮਾਰ ਤੇ ਦਸਤਾਰਾਂ ਦੀ ਬੇਅਬਦੀ ਵਾਲਾ ਨਿੰਦਣਯੋਗ ਵਰਤਾਰਾ ਘੱਟ ਗਿਣਤੀਆਂ ਲਈ ਸਹਿਮ ਤੇ ਡਰ ਦਾ ਮਾਹੌਲ ਬਣਿਆ ਪਿਆ ਹੈ ਕਿਉਂਕਿ ਇਹ ਘੱਟ ਗਿਣਤੀਆਂ ਦੀ ਅਜ਼ਾਦੀ ਤੇ ਸਿੱਧਾ ਹਮਲਾ ਹੈ,ਇਸ ਮੱਦਭਾਗੀ ਘਟਨਾ ਸਬੰਧੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਗਿਆਨੀ ਰਘਬੀਰ ਸਿੰਘ ਜੀ,ਬੀਬੀ ਹਰਸਿਮਰਤ ਕੌਰ ਬਾਦਲ ਐਮ ਪੀ,ਸ਼੍ਰੋਮਣੀ ਕਮੇਟੀ ਸਕੱਤਰ ਕੁਲਵੰਤ ਸਿੰਘ ਮੰਨਣ ਤੋਂ ਇਲਾਵਾ 43 ਰੰਘਰੇਟਾ ਨਿਹੰਗ ਸਿੰਘ ਜਥੇਬੰਦੀਆਂ ਦੇ ਕੌਮੀ ਜਨਰੈਲ ਸਿੰਘ ਸਾਹਿਬ ਜਥੇਦਾਰ ਬਾਬਾ ਮੇਜਰ ਸਿੰਘ ਸੋਢੀ ਵੱਲੋਂ ਵੀ ਇਸ ਮੱਦਭਾਗੀ ਘਟਨਾ ਦੀ ਜ਼ੋਰਦਾਰ ਸ਼ਬਦਾਂ'ਚ ਨਿੰਦਾ ਕੀਤੀ ਗਈ ਅਤੇ ਉਤਰਾਖੰਡ ਸਰਕਾਰ ਨੂੰ ਦੋਸ਼ੀਆਂ ਖਿਲਾਫ ਸਖਤ ਤੋਂ ਸਖਤ ਕਾਰਵਾਈ ਕਰਕੇ ਸਖਤ ਸਜ਼ਾ ਦੀ ਮੰਗ ਕੀਤੀ ਗਈ ਤਾਂ ਕਿ ਅਜਿਹਾ ਹਮਲਾ ਦੁਬਾਰਾ ਕੋਈ ਹੋਰ ਸਿਰ ਫਿਰਿਆ ਕਰਨ ਦੀ ਜੁਰਅਤ ਨਾ ਕਰ ਸਕੇ,ਇਹਨਾਂ ਆਗੂਆਂ ਨੇ ਪੰਜਾਬ ਸਰਕਾਰ ਨੂੰ ਉਤਰਾਖੰਡ ਸਰਕਾਰ ਨਾਲ ਤਾਲਮੇਲ ਕਰਕੇ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਕਰਵਾਉਣ ਦੀ ਲੋੜ ਤੇ ਜ਼ੋਰ ਦੇਣਾ ਚਾਹੀਦਾ ਹੈ, ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਦੇ ਕੌਮੀ ਪ੍ਰਧਾਨ ਭਾਈ ਵਿਰਸਾ ਸਿੰਘ ਖਾਲਸਾ ਨੇ ਇਸ ਘਟਨਾ ਦੀ ਜ਼ੋਰਦਾਰ ਸ਼ਬਦਾਂ'ਚ ਨਿੰਦਾ ਅਤੇ ਉਤਰਾਖੰਡ ਸਰਕਾਰ ਨੂੰ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਕਰਨ ਦੀ ਮੰਗ ਕਰਦਿਆਂ ਇੱਕ ਲਿਖਤੀ ਪ੍ਰੈਸ ਬਿਆਨ ਰਾਹੀਂ ਕੀਤਾ, ਉਹਨਾਂ ਭਾਈ ਖਾਲਸਾ ਨੇ ਅੱਜ ਇਸ ਸਬੰਧੀ ਇਕ ਧਾਰਮਿਕ ਸਮਾਗਮ'ਚ ਬੋਲਦਿਆਂ ਦਸਮੇਸ਼ ਤਰਨਦਲ ਦੇ ਮੁੱਖੀ ਜਥੇਦਾਰ ਬਾਬਾ ਮੇਜਰ ਸਿੰਘ ਸੋਢੀ ਨੇ ਕਿਹਾ ਇਹ ਹਮਲਾ ਘੱਟ ਗਿਣਤੀਆਂ ਨੂੰ ਦਬਾਉਣ ਤੇ ਉਹਨਾਂ ਅਜ਼ਾਦੀ ਤੇ ਸਿੱਧਾ ਹਮਲਾ ਹੈ ਅਤੇ ਉਤਰਾਖੰਡ ਸਰਕਾਰ ਨੂੰ ਇਸ ਤੇ ਸਖ਼ਤ ਕਾਰਵਾਈ ਕਰਦਿਆਂ ਦੋਸ਼ੀਆਂ ਨੂੰ ਜਲਦੀ ਗਿਰਫ਼ਤਾਰ ਕਰਕੇ ਸਖਤ ਸਜ਼ਾ ਦੇਣੀ ਚਾਹੀਦੀ ਹੈ ਕਿ ਤਾਂ ਕਿ ਘੱਟ ਗਿਣਤੀਆਂ ਵਿੱਚੋ ਬੇਗਾਨਗੀ ਵਾਲਾਂ ਡਰ ਮਹੌਲ ਦੂਰ ਕੀਤਾ ਜਾ ਸਕੇ, ਜਥੇਦਾਰ ਬਾਬਾ ਮੇਜਰ ਸਿੰਘ ਸੋਢੀ ਨੇ ਕਿਹਾ ਭਾਵੇਂ ਕਿ ਸ਼੍ਰੋਮਣੀ ਕਮੇਟੀ ਦੇ ਆਗੂਆਂ ਵੱਲੋਂ ਉਤਰਾਖੰਡ ਸਰਕਾਰ ਨਾਲ ਰਾਬਤਾ ਕਾਇਮ ਕਰਕੇ ਦੋਸ਼ੀਆਂ ਵਿਰੁੱਧ ਕਾਰਵਾਈ ਕਰਨ ਦੀ ਮੰਗ ਕੀਤੀ ਜਾ ਰਹੀ ਹੈ ਪਰ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਜੀ ਨੂੰ ਵੀ ਇਸ ਘਟਨਾ ਦਾ ਸਖ਼ਤ ਨੋਟਿਸ ਲੈਂਦਿਆਂ ਉਤਰਾਖੰਡ ਸਰਕਾਰ ਨੂੰ ਘੱਟ ਗਿਣਤੀਆਂ ਦੀ ਜਾਂਨ ਮਾਲ ਦੀ ਰਾਖੀ ਹਿੱਤ ਕੋਈ ਸਖ਼ਤ ਕਾਨੂੰਨ ਬਣਾਉਣ ਦੀ ਲੋੜ ਤੇ ਜ਼ੋਰ ਦੇਣਾ ਚਾਹੀਦਾ ਹੈ, ਜਥੇਦਾਰ ਸੋਢੀ ਸਾਹਿਬ ਨੇ ਕਿਹਾ ਮੁੱਖ ਮੰਤਰੀ ਸ੍ਰ ਭਗਵੰਤ ਮਾਨ ਨੂੰ ਵੀ ਅਪੀਲ ਕੀਤੀ ਕਿ ਇਹ ਮਾਮਲਾ ਸਿੱਖੀ ਅਤੇ ਸਿੱਖਾਂ ਨਾਲ ਜੁੜਿਆ ਹੋਣ ਕਰਕੇ ਉਨ੍ਹਾਂ ਨੂੰ ਹਿਮਾਚਲ'ਚ ਦੋ ਸਿੱਖ ਭਰਾਵਾਂ ਨਾਲ ਬੀਤੀ ਮੰਦਭਾਗੀ ਘਟਨਾ ਸਬੰਧੀ ਮੁੱਖ ਮੰਤਰੀ ਤੇ ਗਵਰਨਰ ਉਤਰਾਖੰਡ ਸਰਕਾਰ ਨਾਲ ਗੱਲਬਾਤ ਕਰਕੇ ਸਖਤ ਕਾਰਵਾਈ ਲਈ ਜ਼ੋਰ ਪਾਉਣਾ ਚਾਹੀਦਾ, ਇਸ ਮੌਕੇ ਜਥੇਦਾਰ ਬਾਬਾ ਮੇਜਰ ਸਿੰਘ ਸੋਢੀ ਸਾਹਿਬ, ਜਥੇਦਾਰ ਬਾਬਾ ਬਲਦੇਵ ਸਿੰਘ ਵੱਲਾ, ਜਥੇਦਾਰ ਬਾਬਾ ਸੁਖਪਾਲ ਸਿੰਘ ਫੂਲ ਬਠਿੰਡਾ, ਜਥੇਦਾਰ ਬਾਬਾ ਬਲਦੇਵ ਸਿੰਘ ਮੁਸਤਫ਼ਾ ਪੁਰ, ਜਥੇਦਾਰ ਬਾਬਾ ਪ੍ਰਗਟ ਸਿੰਘ ਮਜੀਠਾ ਬਾਈਪਾਸ, ਜਥੇਦਾਰ ਬਾਬਾ ਹਰਜਿੰਦਰ ਸਿੰਘ ਮੁਕਤਸਰ, ਜਥੇਦਾਰ ਬਾਬਾ ਸਤਨਾਮ ਸਿੰਘ ਪ੍ਰਧਾਨ ਖਾਪੜਖੇੜੀ ਜਥੇਦਾਰ ਬਾਬਾ ਬਲਬੀਰ ਸਿੰਘ, ਭਾਈ ਵਿਰਸਾ ਸਿੰਘ ਖਾਲਸਾ ਪ੍ਰਧਾਨ ਏ ਆਈ ਐਸ ਐਸ ਐਫ ਖਾਲਸਾ, ਭਾਈ ਸੁਖਦੇਵ ਸਿੰਘ ਫ਼ੌਜੀ ਜਗਰਾਉਂ ਤੋਂ ਇਲਾਵਾ ਸੈਂਕੜੇ ਜਥੇਦਾਰ ਤੇ ਫ਼ੌਜਾਂ ਹਾਜ਼ਰ ਸਨ ।

# ਸ਼੍ਰੀ ਗੁਰੂ ਰਾਮਦਾਸ ਜੀ ਸਤਿਸੰਗ ਸਭਾ ਵੱਲੋਂ ਧਾਰਮਿਕ ਸਮਾਗਮ ਕਰਵਾਇਆ



**ਚੌਕ ਮਹਿਤਾ, 3 ਮਾਰਚ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਧੰਨ ਧੰਨ ਸ਼੍ਰੀ ਗੁਰੂ ਰਾਮਦਾਸ ਜੀ ਸਤਿਸੰਗ ਸਭਾ ਵੱਲੋਂ ਗੁਰਦੁਆਰਾ ਸਾਹਿਬ ਵਿਖੇ ਹਰ ਸਾਲ ਦੀ ਤਰ੍ਹਾਂ ਐਤਕੀਂ ਵੀ ਦਾਰਮਿਕ ਸਮਾਗਮ ਕਰਵਾਏ ਗਏ । ਸਮੂਹ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਭਾਈ ਮਨੀ ਸਿੰਘ ਜੀ ਦੇ ਖੁੱਲ੍ਹੇ ਪੰਡਾਲ ਵਿੱਚ ਨਗਰ ਕੀਰਤਨ ਸਜਾਇਆ ਗਿਆ, ਜਿਸ ਵਿੱਚ ਸਕੂਲੀ ਬੱਚੇ ਅਤੇ ਗਤਕਾ ਪਾਰਟੀਆਂ ਸ਼ਾਮਿਲ ਹੋਈਆਂ ਅਤੇ ਗੁਰੂ ਸਾਹਿਬ ਜੀ ਦੀ ਛਤਰ ਛਾਇਆ ਹੇਠ ਪਾਠ ਕੀਤੇ ਗਏ ਅਤੇ ਗੁਰੂ ਕੇ ਲੰਗਰ ਅਤੱਟ ਵਰਤਾਏ ਗਏ । ਇਸ ਮੌਕੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ ਮੁੱਖ ਸੇਵਾਦਾਰ ਹਰਚਰਨ ਸਿੰਘ ਜੀ ਚੰਨਾ ਵਲੋਂ ਆਈਆਂ ਹੋਈਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ । ਇਸ ਮੌਕੇ ਸ: ਜਤਿੰਦਰ ਸਿੰਘ ਪ੍ਰਧਾਨ, ਪ੍ਰਿੰਸਪਾਲ ਸਿੰਘ ਮੈਂਬਰ, ਪਵਨ ਕੁਮਾਰ ਛਾਬੜਾ, ਮੈਂਬਰ ਸਰਬਜੀਤ ਸਿੰਘ ਸੋਨੂੰ, ਸਤਿੰਦਰਜੀਤ ਸਿੰਘ ਬੈਂਕ ਵਾਲੇ, ਅਮਰਪ੍ਰੀਤ ਸਿੰਘ ਕਿਰਪਾਲ ਸਿੰਘ ਅਤੇ ਬੀਬੀਆਂ ਦੇ ਜਥੇ ਦੇ ਪ੍ਰਧਾਨ ਬੀਬਾ ਰਾਜਵਿੰਦਰ ਕੌਰ ਅਤੇ ਸਮੂਹ ਮੈਂਬਰਾਂ ਨੇ ਵੱਧ ਚੜ੍ਹਕੇ ਸੇਵਾਵਾਂ ਨਿਭਾਈਆਂ ।

# ਪਿੰਡ ਟਕਾਪੁਰ ਦੀ ਤੇਰਾ ਤੇਰਾ ਸੇਵਾ ਸੁਸੋਇਟੀ ਨੇ ਵਿਆਹ ਵਾਲੀ ਬੱਚੀ ਨੂੰ 11000 ਹਜਾਰ ਰੁ ਸ਼ਗਨ ਦਿੱਤਾ



**ਚੌਕ ਮਹਿਤਾ 3 ਮਾਰਚ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਤੇਰਾ-ਤੇਰਾ (13-13) ਸੇਵਾ ਸੋਸਾਇਟੀ ਪਿੰਡ ਟਕਾਪੁਰ ਵੱਲੋਂ ਸ੍ਰ ਗੁਰਦੀਪ ਸਿੰਘ ਦੋਧੀ ਦੀ ਬੇਟੀ ਦੇ ਵਿਆਹ ਮੌਕੇ 11,000/- ਗਿਆਰਾਂ ਹਜ਼ਾਰ ਰੁਪਏ ਦੀ ਰਾਸ਼ੀ ਸ਼ਗਨ ਸਕੀਮ ਤਹਿਤ ਦਿੱਤੀ ਗਈ। ਇਸ ਮੌਕੇ ਸਰਪੰਚ ਸ੍ਰ ਗਿਆਨ ਸਿੰਘ, ਸਰਪੰਚ ਸ੍ਰ ਹਰਪਾਲ ਸਿੰਘ, ਸ੍ਰ ਬਲਵਿੰਦਰ ਸਿੰਘ ਸੈਕਟਰੀ, ਸ੍ਰ ਸੁਖਦੇਵ ਸਿੰਘ ਬਿੱਟੂ, ਸ੍ਰ ਗੁਰਦੇਵ ਸਿੰਘ ਟੋਨੀ, ਡਾਕਟਰ ਹਰਜੀਤ ਸਿੰਘ ਅਤੇ ਭਾਈ ਬਿਕਰਮਜੀਤ ਸਿੰਘ ਗ੍ਰੰਥੀ ਹਾਜ਼ਰ ਹੋਏ। ਸੋਸਾਇਟੀ ਦੇ ਪ੍ਰਬੰਧਕਾਂ ਵੱਲੋਂ ਇਹ ਫੈਸਲਾ ਕੀਤਾ ਗਿਆ ਹੈ ਜੋ ਵੀ ਪਰਿਵਾਰ ਆਪਣੀ ਧੀ ਦਾ ਵਿਆਹ ਸਾਦੇ ਢੰਗ ਨਾਲ ਕਰੇਗਾ, ਉਹਨਾਂ ਨੂੰ 11,000 ਗਿਆਰਾਂ ਹਜ਼ਾਰ ਰੁਪਏ ਦੀ ਰਾਸ਼ੀ ਸ਼ਗਨ ਵੱਜੋਂ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਹੋਰ ਵੀ ਪਿੰਡ ਟਕਾਪੁਰ ਦੇ ਲੋੜਵੰਦਾਂ ਦੀ ਮਦਦ ਲਈ ਕਾਰਜ ਕੀਤੇ ਜਾਣਗੇ।

# ਸਰਬੱਤ ਦੇ ਭਲੇ ਲਈ ਕੀਤੀ ਅਰਦਾਸ ਵਿੱਚ ਸਾਬਕਾ ਮੰਤਰੀ ਵਿਜੇਇੰਦਰ ਸਿੰਗਲਾ ਸ਼ਾਮਲ ਹੋਏ



ਧੂਰੀ ( ਰਣਜੀਤ ਸਿੰਘ ਪੇਧਨੀ ) ਪਿਛਲੇ ਦਿਨੀ ਗੁਰਚਰਨ ਸਿੰਘ ਸਾਬਕਾ ਐਮ.ਸੀ ਤੇ ਸੀਨੀਅਰ ਮੀਤ ਪ੍ਰਧਾਨ ਕਾਂਗਰਸ ਕਮੇਟੀ ਸ਼ਹਿਰੀ ਵਲੋ ਆਪਣੇ ਗ੍ਰਹਿ ਵਿਖੇ ਸਰਬਤ ਦੇ ਭਲੇ ਤੇ ਪਰਿਵਾਰ ਦੀ ਚੜ੍ਹਦੀ ਕਲਾ ਲਈ ਰੱਖੇ ਗਏ ਸ੍ਰੀ ਅਖੰਡ ਪਾਠ ਦੇ ਭੋਗ ਦੇ ਮੌਕੇ ਤੇ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਸ਼੍ਰੀ ਵਿਜੈ ਇੰਦਰ ਸਿੰਗਲਾ ਨੇ ਜਿੱਥੇ ਮਨੁੱਖਤਾ ਦੀ ਭਲਾਈ ਸਭਨਾ ਨੂੰ ਰਲ ਕੇ ਯਤਨਸ਼ੀਲ ਰਹਿਣ ਦੀ ਅਰਦਾਸ ਕੀਤੇ ਉਥੇ ਉਹਨਾਂ ਨੇ ਗੁਰਚਰਨ ਸਿੰਘ ਐਮ. ਸੀ ਵੱਲੋ ਹਮੇਸ਼ਾ ਮਾਨਵ ਕਲਿਆਣ ਲਈ ਸਮੂਚੇ ਪਰਿਵਾਰ ਵੱਲੋਂ ਪਾਏ ਜਾ ਰਹੇ ਯੋਗਦਾਨ ਦੀ ਸਲਾਘਾ ਵੀ ਕੀਤੀ। ਇਸ ਮੌਕੇ ਤੇ ਨਵੇਂ ਚੁਣੇ ਗਏ ਆੜਤੀਏ ਐਸੋਸੀਏਸ਼ਨ ਦੇ ਪ੍ਰਧਾਨ ਸੋਨੀ ਮੰਡੇਰ, ਸਮਾਗਮ ਦੀ ਵਿਸ਼ੇਸ਼ਤਾ ਇਹ ਸੀ ਕੇ ਪਰਿਵਾਰ ਨਾਲ ਬਹੁਤ ਹੀ ਨੇੜਤਾ ਰੱਖਣ ਵਾਲੇ ਸਰਦਾਰ ਕੁਲਵੰਤ ਸਿੰਘ ਡਿਪਟੀ ਕਮਿਸ਼ਨਰ ਮਾਨਸਾ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ ਇਸ ਮੌਕੇ ਤੇ ਸ਼ੁਭਮ ਸ਼ਰਮਾ ਜਨਰਲ ਸਕੱਤਰ ਪੰਜਾਬ ਯੂਥ ਕਾਂਗਰਸ ,ਮਲਕੀਤ ਸਿੰਘ ਚਾਂਗਲੀ ਚੇਅਰਮੈਨ ਸਵਰਨਕਾਰ ਸੰਘ ਧੂਰੀ ਏ.ਪੀ ਸੋਲਵੈਕਸ ਦੇ ਡਾਇਰੈਕਟਰ ਪਰਸ਼ੋਤਮ ਕਾਲਾ, ਬੀਬੀ ਹਰਪ੍ਰੀਤ ਕੌਰ ਬਰਨਾਲਾ ਤੋ ਇਲਾਵਾ ਸ਼ਹਿਰ ਦੇ ਪਤਵੰਤੇ ਸੱਜਣ ਸ਼ਾਮਿਲ ਹੋਏ ਪੰਜਾਬ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਸ਼੍ਰੀ ਅਸ਼ੋਕ ਕੁਮਾਰ ਲੱਖਾਂ, ਇਸ ਤੋਂ ਇਲਾਵਾ ਸੇਵਾ ਮੁਕਤ ਕਾਰਜ ਸਾਦਕ ਅਫਸਰ ਸਤੀਸ਼ ਕੁਮਾਰ ਗਰਗ, ਮਹਿੰਦਰ ਪਾਲ ਮਿੰਦਾ, ਰੋਸ਼ਨ ਲਾਲ ਗਰਗ, ਸਾਬਕਾ ਡਿਪਟੀ ਡਾਇਰੈਕਟਰ ਸਰਦਾਰ ਮਨਜੀਤ ਸਿੰਘ ਬਖਸ਼ੀ ਹਾਜਰ ਸਨ ਇਸ ਮੌਕੇ ਗੁਰੂ ਦਾ ਲੰਗਰ ਅਤੁੱਟ ਵਰਤਾਇਆ ਗਿਆ ਪਰਿਵਾਰ ਵਲੋ ਸਾਬਕਾ ਕੈਬਨਟ ਮੰਤਰੀ ਅਤੇ ਡਿਪਟੀ ਕਮਿਸ਼ਨਰ ਮਾਨਸਾ ਦਾ ਵਿਸ਼ੇਸ਼ ਤੌਰ ਤੇ ਸਨਮਾਨ ਵੀ ਕੀਤਾ ਗਿਆ, ਮਨਜੀਤ ਸਿੰਘ ਬਖਸ਼ੀ ਰਿਟਾਇਰਡ ਡਿਪਟੀ ਡਾਇਰੈਕਟਰ ਲੋਕ ਸੰਪਰਕ ਵਿਭਾਗ ਵੱਲੋਂ ਸਭਨਾਂ ਦਾ ਧੰਨਵਾਦ ਕੀਤਾ ਗਿਆ

# ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਨੂੰ ਨਸ਼ਿਆ ਦੀ ਅਲਾਮਤ ਤੋਂ ਨਿਜ਼ਾਤ ਦਿਵਾਉਣ ਲਈ ਬਣਾਈ ਨੀਤੀ ਸ਼ਲਾਘਾਯੋਗ ਹੈ : ਠੇਕੇਦਾਰ ਹਰਜਿੰਦਰ ਸਿੰਘ ਕਾਂਝਲਾ



**ਧੂਰੀ ( ਰਣਜੀਤ ਸਿੰਘ ਪੇਧਨੀ )**-ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਨੂੰ ਨਸ਼ਿਆ ਦੀ ਅਲਾਮਤ ਹੋ ਨਿਜਾਤ ਦਿਵਾਉਣ ਲਈ ਬਣਾਈ ਗਈ ਨੀਤੀ ਬਹੁਤ ਬਲਾਘਾਯੋਗ ਕਦਮ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਪ ਦੇ ਸੀਨੀਅਰ ਆਗੂ, ਸਮਾਜ ਸੇਵੀ ਠੇਕੇਦਾਰ ਹਰਜਿੰਦਰ ਸਿੰਘ ਕਾਂਝਲਾ ਡਾਇਰੈਕਟਰ ਵੇਰਕਾ ਮਿਲਕ ਪਲਾਟ ਸੰਗਰੂਰ ਨੇ ਕੀਤਾ । ਉਨਾਂ ਕਿਹਾ ਕਿ ਪਿਛਲੇ ਦਿਨੀ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਦੇ ਸਾਰੇ ਜਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਅਤੇ ਐਸ.ਐਸ.ਪੀਜ਼ ਨਾਲ ਮੁਲਾਕਾਤ ਕੀਤੀ ਗਈ ਸੀ। ਜਿਸ ਮੁਲਾਕਾਤ ਵਿਚ ਨਵੀਂ ਨਸ਼ਾ ਰੋਕੂ ਅਤੇ ਮੁੜ ਵਸੇਬਾ ਨੀਤੀ ਬਾਰੇ ਜ਼ਿਲਾ ਅਧਿਕਾਰੀਆਂ ਨਾਲ ਵਿਚਾਰ ਚਰਚਾ ਕੀਤੀ ਗਈ ਸੀ ।ਮੁੱਖ ਮੰਤਰੀ ਵੱਲੋਂ ਸੂਬੇ ਨੂੰ ਨਸਿਆ ਤੋਂ ਨਿਜਾਤ ਦਿਵਾਉਣ ਵਾਲੀ ਇਸ ਨਵੀਂ ਨੀਤੀ ਨੂੰ ਜਲਦੀ ਲਾਗੂ ਕਰਨ ਦੀ ਹਦਾਇਤ ਕੀਤੀ ਗਈ ਹੈ।ਉਨਾ ਕਿਹਾ ਕਿ ਮੁੱਖ ਮੰਤਰੀ ਨੇ ਸਾਫ ਕਰ ਦਿੱਤਾ ਹੈ ਕਿ ਨਬਾ ਤਸਕਰਾਂ ਦੀਆ ਜਾਇਦਾਦਾਂ ਜਬਬ ਕੀਤੀਆ ਜਾਣਗੀਆ ਤੇ ਲੋਡ ਪੈਣ ਤੇ ਇਨ੍ਹਾਂ ਉੱਪਰ ਬੁਲਡੋਜਰ ਵੀ ਚਲਾਇਆ ਜਾ ਸਕਦਾ ਹੈ। ਬੀਬੀ ਜੀ ਨੇ ਦੱਸਿਆ ਕਿ ਸੂਬੇ ਵਿਚ ਨਸ਼ਿਆ ਨੂੰ ਠੱਲ ਪਾਉਣ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ ਇਕ ਪੰਜ ਮੈਂਬਰੀ ਕਮੇਟੀ ਵੀ ਬਣਾਈ ਗਈ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਨੂੰ ਠੱਲ ਪੈ ਗਈ ਤਾਂ ਸੂਬਾ ਨੂੰ ਖੁਸ਼ਹਾਲ ਤੇ ਰੰਗਲਾ ਪੰਜਾਬ ਬਣਨ ਤੇ ਕੋਈ ਤੱਕ ਨਹੀਂ ਸਕਦਾ। ਉਨ੍ਹਾਂ ਕਿਹਾ ਕਿ ਉਹ ਮੁੱਖ ਮੰਤਰੀ ਦੀ ਇਸ ਨਵੀਂ ਨਸਾਂ ਰੋਕੂ ਨੀਤੀ ਦਾ ਸੁਆਗਤ ਕਰਦੇ ਹਨ।

ਜਗਰਾਉਂ ਵਿੱਚ ਸਤਿਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ

# ਧਾਰਮਿਕ ਸਮਾਗਮ ਮਿੱਠੀਆਂ ਯਾਦਾਂ ਛੱਡਦਾ ਸਮਾਪਤ ਹੋਇਆ







ਜਗਰਾਉਂ/ਲੁਧਿਆਣਾ (ਵਰਿਆਮ ਹਠੂਰ)- ਜਗਰਾਉਂ ਦੀ ਅਗਾਂਹਵਧੂ ਸੋਚ ਰੱਖਣ ਵਾਲੀ, ਸਮਾਜ ਮਿਲਵਰਤਨ ਸੁਸਾਇਟੀ ਵੱਲੋਂ ਕ੍ਰਾਂਤੀਕਾਰੀ ਰਹਿਬਰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 648ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਵੀਂ ਅਨਾਜ ਮੰਡੀ ਜਗਰਾਓ ਵਿਖੇ ਗੁਰਸੰਗਤਾਂ ਦੇ ਸਹਿਯੋਗ ਸਦਕਾ ਤਿੰਨ ਰੋਜ਼ਾ ਵਿਸ਼ਾਲ ਧਾਰਮਿਕ ਸਮਾਗਮ ਮਿੱਠੀਆਂ ਯਾਦਾਂ ਛੱਡਦਾ ਸਮਾਪਤ ਹੋਇਆ, ਸਵੇਰੇ ਸਤਿਗੁਰਾਂ ਦੀ ਇਲਾਹੀ ਬਾਣੀ ਦੇ ਜਾਪ ਹੋਏ ਤੇ ਪ੍ਰਕਾਸ਼ ਕੀਤੇ ਹੋਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ, ਇਸ ਮੌਕੇ ਸਿਆੜ ਵਾਲਿਆਂ ਦੇ ਕੀਰਤਨੀ ਜੱਥੇ ਨੇ ਰਸ ਭਿੰਨੇ ਕੀਰਤਨ ਰਾਹੀਂ ਗੁਰਸੰਗਤਾਂ ਨੂੰ ਨਿਹਾਲ ਕੀਤਾ, ਬਾਬਾ ਕੇਵਲ ਸਿੰਘ ਮੁੱਖ ਸੇਵਾਦਾਰ ਤਪ ਅਸਥਾਨ ਸ੍ਰੀ ਖੁਰਾਲਗੜ੍ਹ ਸਾਹਿਬ ਵਾਲਿਆਂ ਨੇ ਕ੍ਰਾਂਤੀਕਾਰੀ ਰਹਿਬਰ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਜੀਵਨ 'ਤੇ ਚਾਨਣਾ ਪਾਉਂਦਿਆਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਇਨਕਲਾਬੀ ਵਿਚਾਰਧਾਰਾ ਨੂੰ ਪਰਣਾਏ ਹੋਏ ਸਨ। ਜਿਨ੍ਹਾਂ ਨੇ ਸਮੇਂ ਦੇ ਹੰਕਾਰੀ ਹਾਕਮਾਂ ਦਾ ਗ਼ੂਰਰ ਆਪਣੇ ਇਨਕਲਾਬੀ ਵਿਚਾਰਾਂ ਨਾਲ ਤੋੜਿਆ ਤੇ ਲੋਕਾਈ ਨੂੰ ਗਿਆਨ ਦੇ ਕੇ ਸੱਚ ਦਾ ਮਾਰਗ ਦਿਖਾਇਆ, ਉਨ੍ਹਾਂ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਇਤਿਹਾਸ ਬਾਰੇ ਜਾਨਣਾ ਚਾਹੀਦਾ ਹੈ। ਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪੱਲਾ ਫੜ ਕੇ ਆਪਣਾ ਜੀਵਨ ਸਫ਼ਲ ਕਰਨਾ ਚਾਹੀਦਾ ਹੈ। ਇਸ ਮੌਕੇ ਸਮਾਜ ਮਿਲਵਰਤਨ ਸੁਸਾਇਟੀ ਦੇ ਪ੍ਰਧਾਨ ਰਛਪਾਲ ਸਿੰਘ ਚੀਮਨਾ, ਪ੍ਰੇਮ ਸਿੰਘ ਲੋਹਟ, ਮਹਿੰਗਾ ਸਿੰਘ ਮੀਰਪੁਰ, ਪ੍ਰਿੰ.ਸਰਬਜੀਤ ਸਿੰਘ ਭੱਟੀ ਦੇਹੜਕਾ, ਸੰਤਰਾਮ ਸਿੰਘ ਰਾਏਕੋਟ, ਮਹਿੰਦਰ ਸਿੰਘ ਕਮਾਲਪੁਰੀ, ਅਸ਼ੋਕ ਕੁਮਾਰ ਜਗਰਾਉਂ, ਹੰਸਰਾਜ ਜਗਰਾਉਂ, ਏ.ਐੱਸ.ਆਈ. ਜਸਵੀਰ ਸਿੰਘ, ਹੰਸ ਰਾਜ ਅਤੇ ਅਸ਼ੋਕ ਕੁਮਾਰ ਆਦਿ ਵਲੋਂ ਬਾਬਾ ਕੇਵਲ ਸਿੰਘ ਖੁਰਾਲਗੜ੍ਹ ਵਾਲਿਆਂ ਦੇ ਨਾਲ-ਨਾਲ ਕੀਰਤਨੀ ਜੱਥੇ ਅਤੇ ਸਤਿਕਾਰਤ ਸ਼ਖਸੀਅਤਾਂ ਨੂੰ ਵਿਸ਼ੇਸ਼ ਤੌਰ 'ਤੇ ਯਾਦਗਾਰੀ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ, ਸਮਾਗਮ ਵਿੱਚ ਸਮਾਜ ਮਿਲਵਰਤਨ ਸੁਸਾਇਟੀ ਦੇ ਪ੍ਰਧਾਨ ਰਛਪਾਲ ਸਿੰਘ ਚੀਮਨਾ, ਪ੍ਰੇਮ ਸਿੰਘ ਲੋਹਟ, ਮਹਿੰਗਾ ਸਿੰਘ ਮੀਰਪੁਰ, ਪ੍ਰਿੰ.ਸਰਬਜੀਤ ਸਿੰਘ ਦੇਹੜਕਾ, ਮਹਿੰਦਰ ਸਿੰਘ ਕਮਾਲਪੁਰੀ, ਹੈਪੀ ਲੋਹਟ, ਹਰਪ੍ਰੀਤ ਮਲਕ, ਹਰਪ੍ਰੀਤ ਮੱਲ੍ਹਾ, ਅਸ਼ੋਕ ਕੁਮਾਰ ਜਗਰਾਉਂ, ਹੰਸਰਾਜ ਜਗਰਾਉਂ, ਏ.ਐੱਸ.ਆਈ. ਜਸਵੀਰ ਸਿੰਘ, ਹੰਸ ਰਾਜ, ਮਨਦੀਪ ਸਿੰਘ ਭੱਟੀ, ਭੁਪਿੰਦਰ ਸਿੰਘ ਮੁਰਲੀ, ਕੈਪਟਨ ਗੁਲਜ਼ਾਰ ਸਿੰਘ, ਕੁਲਦੀਪ ਸਿੰਘ ਮੀਰਪੁਰ ਆਦਿ ਨੇ ਪ੍ਰਬੰਧਕਾਂ ਵਜੋਂ ਸੇਵਾ ਨਿਭਾਈ, ਇਸ ਸਮੇਂ ਸਾਬਕਾ ਵਿਧਾਇਕ ਜਗਤਾਰ ਸਿੰਘ ਜੱਗਾ ਹਿੱਸੋਵਾਲ, ਕੌਂਸ਼ਲਰ ਅਮਰਜੀਤ ਸਿੰਘ ਮਾਲਵਾ, ਚੇਅਰਮੈਨ ਸਤਿੰਦਰਪਾਲ ਸਿੰਘ ਕਾਕਾ ਗਰੇਵਾਲ, ਜ਼ਿਲ੍ਹਾ ਪ੍ਰਧਾਨ ਮੇਜਰ ਸਿੰਘ ਮੁਲਾਂਪੁਰ, ਸਾਬਕਾ ਵਿਧਾਇਕ ਐੱਸ.ਆਰ.ਕਲੇਰ, ਨਗਰ ਕੌਂਸ਼ਲ ਪ੍ਰਧਾਨ ਜਤਿੰਦਰਪਾਲ ਰਾਣਾ, ਬੀ.ਜੇ.ਪੀ. ਆਗੂ ਗੇਜਾ ਰਾਮ, ਡਾ.ਨਰਿੰਦਰ ਸਿੰਘ, ਸਰਪੰਚ ਪਾਲੀ ਡੱਲਾ, ਬਾਈ ਰਛਪਾਲ ਸਿੰਘ ਚਕਰ, ਸਾਬਕਾ ਚੇਅਰਮੈਨ ਕਮਲਜੀਤ ਮੱਲ੍ਹਾ, ਸਾਬਕਾ ਚੇਅਰਮੈਨ ਚੰਦ ਸਿੰਘ ਡੱਲਾ, ਬਿੱਕਰ ਸਿੰਘ ਨੱਤ, ਪ੍ਰੇਮ ਸਿੰਘ ਲੀਲ, ਮਲਕੀਤ ਸਿੰਘ ਹੇਰਾਂ, ਸੰਤੋਖ ਸਿੰਘ ਲੁਧਿਆਣਾ, ਸੰਤਰਾਮ ਸਿੰਘ ਰਾਏਕੋਟ, ਲਖਵਿੰਦਰ ਸਿੰਘ ਘਮਣੇਵਾਲ, ਬਿੱਕਰ ਸਿੰਘ ਨੱਤ, ਪ੍ਰੇਮ ਸਿੰਘ ਲੀਲ, ਮਲਕੀਤ ਸਿੰਘ ਹੇਰਾਂ, ਸੰਤੋਖ ਸਿੰਘ ਲੁਧਿਆਣਾ, ਸੰਤਰਾਮ ਸਿੰਘ ਰਾਏਕੋਟ, ਲਖਵਿੰਦਰ ਸਿੰਘ ਘਮਣੇਵਾਲ, ਕੁਲਦੀਪ ਲੋਹਟ, ਲੈਕਚਰ ਸਰਬਜੀਤ ਸਿੰਘ, ਸਤਿੰਦਰ ਸਿੰਘ ਫਾਇਰ ਅਫ਼ਸਰ ਜਗਰਾਉਂ, ਪਰਮਿੰਦਰ ਸਿੰਘ ਕਾਕਾ, ਮਾਸਟਰ ਸਤਨਾਮ ਸਿੰਘ ਹਠੂਰ, ਅਜਮੇਰ ਸਿੰਘ ਢੋਲਣ, ਸਵ.ਪ੍ਰੀਤਮ ਅਖਾੜਾ ਦੇ ਪਰਿਵਾਰਕ ਮੈਂਬਰ, ਨੰਦ ਲਾਲ, ਕਸ਼ਮੀਰੀ ਲਾਲ, ਗੁਰਚਰਨ ਸਿੰਘ, ਇੰਦਰਜੀਤ ਸਿੰਘ ਕਾਉਂਕੇ, ਧਿਆਨ ਸਿੰਘ, ਗੁਰਮੁੱਖ ਸਿੰਘ, ਮਹਿੰਦਰ ਸਿੰਘ ਜਗਰਾਉਂ, ਮਾਸਟਰ ਰਣਜੀਤ ਸਿੰਘ ਹਠੂਰ ਅਤੇ ਭਰਪੂਰ ਸਿੰਘ ਰਾਏਕੋਟ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

**ਵੱਡੀ ਗਿਣਤੀ ਵਿੱਚ ਗੁਰਸੰਗਤਾਂ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਕੀਤਾ ਸਿਜਦਾ ਭੇਟ**

## ਮਹਾਂ ਸਿੰਘ ਗੇਟ ਤੋਂ ਟਾਊਨ ਹਾਲ ਦਾ ਰਸਤਾ ਨਾ ਖੋਲਿਆ ਗਿਆ ਤਾਂ ਸਮੂਹ ਦੁਕਾਨਦਾਰ ਜਿਲ੍ਹਾ ਪ੍ਰਸਾਸ਼ਨ ਦੇ ਹਵਾਲੇ ਕਰਨਗੇ ਦੁਕਾਨਾਂ ਦੀਆ ਚਾਬੀਆਂ: ਵਰੁਣ ਭਾਟੀਆ



**ਚੌਕ ਮਹਿਤਾ, 3 ਮਾਰਚ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਕਾਂਗਰਸ ਦੇ ਜਿਲ੍ਹਾ ਆਰ ਟੀ ਆਈ ਸੈੱਲ ਦੇ ਚੇਅਰਮੈਨ, ਮੈਂਬਰ ਐੱਫ ਸੀ ਆਈ ਪੰਜਾਬ ਅਤੇ ਮਹਾਂ ਸਿੰਘ ਗੇਟ ਐਸੋਸੀਏਸ਼ਨ ਦੇ ਪ੍ਰਧਾਨ ਵਰੁਣ ਭਾਟੀਆ ਨੇ ਪੱਤਰਕਾਰਾ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਸ਼ਹਿਰ ਦੇ ਹਲਕਾ ਸੈਂਟਰਲ ਅਧੀਨ ਆਉਂਦੇ ਮਹਾਂ ਸਿੰਘ ਗੇਟ ਤੋ ਟਾਊਨ ਹਾਲ ਨੂੰ ਜਾਂਦੇ ਹੋਏ ਰਸਤੇ ਨੂੰ ਜਿਲ੍ਹਾ ਪ੍ਰਸਾਸ਼ਨ ਨੇ ਐਸ ਬੀ ਆਈ ਬੈਂਕ ਦੇ ਬਾਹਰ ਬੈਰੀਕੇਟ ਲਗਾ ਕੇ ਪਿਛਲੇ ਸਮੇਂ ਤੋਂ ਇਸ ਰਸਤੇ ਨੂੰ ਬੰਦ ਕੀਤਾ ਹੋਇਆ ਹੈ ਜਿਸ ਕਾਰਨ ਸਮੂਹ ਦੁਕਾਨਦਾਰਾਂ ਨੂੰ ਭਾਰੀ ਪ੍ਰੇਸ਼ਾਨੀ ਅਤੇ ਮੰਦੀ ਦੀ ਮਾਰ ਝਲਣੀ ਪੈ ਰਹੀ ਹੈ ਪ੍ਰਸਾਸ਼ਨ ਵਲੋ ਇਸ ਰਸਤੇ ਨੂੰ ਬੰਦ ਕਾਰਨ ਕੋਈ ਵੀ ਗ੍ਰਾਹਕ ਦੁਕਾਨ ਤੇ ਨਹੀਂ ਆ ਰਿਹਾ ਜਿਸ ਕਾਰਨ ਸਮੂਹ ਦੁਕਾਨਦਾਰਾਂ ਨੂੰ ਪਰਿਵਾਰ ਲਈ ਰੋਜ਼ੀ ਰੋਟੀ ਚਲਾਉਣੀ ਔਖੀ ਹੋ ਗਈ ਹੈ ਵਰੁਣ ਭਾਟੀਆ ਨੇ ਕਿਹਾ ਕਿ ਜੇਕਰ ਪ੍ਰਸ਼ਾਸਨ ਵਲੋ ਇਹ ਰਾਹ ਜਲਦ ਨਾ ਖੋਲਿਆ ਗਿਆ ਤਾਂ ਸਮੂਹ ਦੁਕਾਨਦਾਰਾਂ ਆਪਣੀਆਂ ਦੁਕਾਨਾਂ ਬੰਦ ਕਰਕੇ ਦੁਕਾਨਾਂ ਦੀਆ ਚਾਬੀਆਂ ਜਿਲ੍ਹਾ ਡਿਪਟੀ ਕਮਿਸ਼ਨਰ ਦੇ ਹਵਾਲੇ ਕਰਨਗੇ ਇਸ ਮੌਕੇ ਸੰਨੀ ਕਲਾਥ ਹਾਊਸ,ਵੋਹਰਾ ਕਲੱਥ ਹਾਊਸ,ਮੋਤੀ ਕਲਥ ਹਾਊਸ, ਸ਼ਾਨਾ ਕਲੱਥ ਹਾਊਸ ,ਕਮਲ ਕਲਥ ਹਾਊਸ, ਫੈਂਸੀ ਕਲਥ ਹਾਊਸ,ਹੋਟਲ ਐਸ ਐਸ,ਹੋਟਲ ਸਟੇਅ ਇਨ,ਅਭੀ ,ਸ਼ਰਮਾ ਕਲਥ ਹਾਊਸ,ਲਾਜਵਾਬ ਫੂਡ ਕਾਰਨਰ ਅਤੇ ਹੋਰ ਹਾਜ਼ਰ ਸਨ।

## ਸਰਕਾਰ ਕਿਸਾਨਾਂ ਦੇ ਕੁਦਰਤੀ ਕਰੋਪੀ ਕਾਰਨ ਹੋਏ ਨੁਕਸਾਨ ਦਾ ਮੁਆਵਜ਼ਾ ਦੇਵੇਗੀ- ਡਿਪਟੀ ਕਮਿਸ਼ਨਰ

**ਗੜ੍ਹੇਮਾਰੀ ਕਾਰਨ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਲਈ ਡਿਪਟੀ ਕਮਿਸ਼ਨਰ ਵੱਲੋਂ ਖੇਤਾਂ ਦਾ ਦੌਰਾ**



**ਜੰਡਿਆਲਾ ਗੁਰੂ 3 ਮਾਰਚ ( ਕੁਲਵੰਤ ਸਿੰਘ ਵਿਰਦੀ)**-ਬੀਤੇ ਦਿਨੀ ਅੰਮ੍ਰਿਤਸਰ ਦੇ ਕਈ ਇਲਾਕਿਆਂ ਵਿੱਚ ਹੋਈ ਭਾਰੀ ਗੜੇਬਾਰੀ ਕਰਨ ਫਸਲਾਂ ਦੇ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਲਈ ਡਿਪਟੀ ਕਮਿਸ਼ਨਰ ਸ੍ਰੀਮਤੀ ਸਾਕਸ਼ੀ ਸਾਹਨੀ ਵੱਲੋਂ ਅੱਜ ਰਾਜਾ ਸਾਂਸੀ ਹਲਕੇ ਦੇ ਕਈ ਪਿੰਡਾਂ ਦਾ ਦੌਰਾ ਕੀਤਾ ਗਿਆ। ਇਸ ਮੌਕੇ ਐਸਡੀਐਮ ਲੋਪੋਕੇ ਸ੍ਰੀਮਤੀ ਅਮਨਪ੍ਰੀਤ ਕੌਰ ਘੁੰਮਣ, ਮੁੱਖ ਖੇਤੀਬਾੜੀ ਅਧਿਕਾਰੀ ਸੁਰਿੰਦਰ ਪਾਲ ਸਿੰਘ, ਹਰਸ਼ਾ ਛੀਨਾ ਬਲਾਕ ਦੇ ਖੇਤੀਬਾੜੀ ਅਫਸਰ ਸ੍ਰੀ ਸਤਿੰਦਰ ਸਿੰਘ ਅਤੇ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਨਾਲ ਸਨ। ਇਸ ਮੌਕੇ ਕਿਸਾਨਾਂ ਨਾਲ ਗੱਲਬਾਤ ਕਰਦੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮਾਲ ਵਿਭਾਗ ਤੇ ਖੇਤੀਬਾੜੀ ਵਿਭਾਗ ਦੇ ਅਧਿਕਾਰੀ ਪਿੰਡਾਂ ਵਿੱਚ ਫਸਲਾਂ ਦੇ ਨੁਕਸਾਨ ਦਾ ਜਾਇਜ਼ਾ ਲੈ ਰਹੇ ਹਨ ਅਤੇ ਕਿਸਾਨਾਂ ਦਾ ਜੋ ਵੀ ਨੁਕਸਾਨ ਹੋਇਆ ਹੈ ਉਸ ਦਾ ਮੁਆਵਜ਼ਾ ਸਰਕਾਰ ਦੇਵੇਗੀ।ਉਨਾਂ ਕਿਹਾ ਕਿ ਇਹ ਟੀਮਾਂ ਸਾਰੇ ਪੀੜਿਤ ਪਿੰਡਾਂ ਦੇ ਵਿੱਚ ਪਹੁੰਚ ਕਰ ਰਹੀਆਂ ਹਨ।ਇਸ ਦੇ ਨਾਲ ਹੀ ਜ਼ਿਲ੍ਹਾ ਪ੍ਰਸ਼ਾਸਨ ਨੇ ਹੈਲਪਲਾਈਨ ਨੰਬਰ ਵੀ ਜਾਰੀ ਕੀਤਾ ਹੈ। ਜੇਕਰ ਕਿਸੇ ਨੂੰ ਵੀ ਕੋਈ ਸਹਾਇਤਾ ਦੀ ਲੋੜ ਹੈ ਜਾਂ ਆਪਣੀ ਫਸਲ ਦੇ ਨੁਕਸਾਨ ਸਬੰਧੀ ਕੁਝ ਵੀ ਦੱਸਣਾ ਚਾਹੁੰਦੇ ਹਨ ਤਾਂ ਇਸ ਹੈਲਪ ਲਾਈਨ ਨੰਬਰ 9815828858 ਉਤੇ ਵੀ ਸੰਪਰਕ ਕਰ ਸਕਦੇ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਵਲੋਂ ਗਿਰਦਾਵਰੀ ਛੇਤੀ ਨਾਲ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ ਤਾਂ ਜੋ ਕਿਸਾਨਾਂ ਨੂੰ ਬਣਦਾ ਮੁਆਵਜਾ ਦਿੱਤਾ ਜਾ ਸਕੇ। ਉਨਾਂ ਪਿੰਡ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਜੇਕਰ ਕਿਸੇ ਦੇ ਪਿੰਡ ਵਿੱਚ ਕੋਈ ਟੀਮ ਨਹੀਂ ਪਹੁੰਚੀ ਤਾਂ ਉਹ ਤੁਰੰਤ ਇਸ ਨੰਬਰ ਉੱਤੇ ਫੋਨ ਕਰਕੇ ਆਪਣੇ ਨੁਕਸਾਨ ਦੇ ਜਾਇਜ਼ੇ ਲਈ ਰਿਪੋਰਟ ਕਰ ਸਕਦਾ ਹੈ।

## ਪੰਜਾਬ ਸਰਕਾਰ ਵੱਲੋਂ ਚਲਾਈ ਗਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਇੱਕ ਸ਼ਲਾਘਾਯੋਗ ਕਦਮ : ਆਪ ਆਗੂ



ਚੰਡੀਗੜ੍ਹ ( ਰਣਜੀਤ ਸਿੰਘ ਪੇਧਨੀ ) ਪੰਜਾਬ ਸਰਕਾਰ ਵੱਲੋਂ ਚਲਾਈ ਗਈ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ ਵਾਲਾ ਫੈਸਲਾ ਮੁੱਖ ਮੰਤਰੀ ਭਗਵੰਤ ਮਾਨ ਅਤੇ ਪੰਜਾਬ ਸਰਕਾਰ ਇਹ ਫੈਸਲਾ ਬਹੁਤ ਹੀ ਸ਼ਲਾਘਾਯੋਗ ਫੈਸਲਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਪ ਦੇ ਸੀਨੀਅਰ ਆਗੂ ਚੇਅਰਮੈਨ ਅਮਰੀਕ ਸਿੰਘ ਸੋਹੀ , ਪੰਚਾਇਤ ਯੂਨੀਅਨ ਦੇ ਪ੍ਰਧਾਨ ਸਰਪੰਚ ਜੱਗਾ ਭੋਜੋਵਾਲੀ, ਪੰਚਾਇਤ ਯੂਨੀਅਨ ਦੇ ਜਰਨਲ ਸਕੱਤਰ ਸਰਪੰਚ ਜਸਵੀਰ ਦਾਸ ਢਢੋਗਲ , ਆਪ ਆਗੂ ਬਸੰਤ ਕੁਮਾਰ ਕਾਂਝਲਾ ਨੇ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਨਸ਼ਾ ਤਸਕਰੀ ਰੋਕਣ ਅਤੇ ਨੌਜਵਾਨਾਂ ਨੂੰ ਨਸ਼ੇ ਵਰਗੇ ਦਲਦਲ ਵਿੱਚੋਂ ਕੱਢਣ ਲਈ ਇਹ ਮੁਹਿੰਮ ਵਰਦਾਨ ਸਾਬਿਤ ਹੋ ਰਹੀ ਹੈ। ਬੀਤੇ ਦਿਨੀਂ ਨਸ਼ਾ ਸਮਗਲਰਾਂ ਦੇ ਘਰਾਂ ਉੱਤੇ ਪ੍ਰਸ਼ਾਸਨ ਵੱਲੋਂ ਬਲਡੋਜ਼ਰ ਚਲਾਇਆ ਗਿਆ ਸੀ ਜਿਸ ਨੂੰ ਪੰਜਾਬ ਦੀ ਜਨਤਾ ਵੱਲੋਂ ਵੀ ਭਰਵਾਂ ਸਹਿਯੋਗ ਮਿਲਿਆ ਹੈ ਜਿਸ ਦੀ ਹਰ ਪਾਸੇ ਸਲਾਂਘਾ ਹੋ ਰਹੀ ਹੈ ਕਿਉਂਕਿ ਅੱਜ ਪੰਜਾਬ ਦਾ ਬੱਚਾ ਬੱਚਾ ਨਸ਼ੇ ਦੇ ਨਾਮ ਤੋਂ ਨਫ਼ਰਤ ਕਰਦਾ ਹੈ, ਪਰ ਕੁਝ ਪੰਜਾਬ ਵਿਰੋਧੀ ਅਨਸਰ ਚੰਦ ਪੈਸਿਆਂ ਬਦਲੇ ਪੰਜਾਬ ਦੀ ਜਵਾਨੀ ਬਰਬਾਦ ਕਰਨ ਵਿੱਚ ਲੱਗੇ ਹੋਏ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲਗਾਤਾਰ ਕੈਬਨਿਟ ਮੀਟਿੰਗਾਂ ਸੱਦੀਆਂ ਜਾ ਰਹੀਆਂ ਹਨ ਜਿੰਨ੍ਹਾਂ ਵਿੱਚ ਮੁੱਖ ਮੁੱਦਾ ਨਸ਼ੇ ਨੂੰ ਹੀ ਰੱਖਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜਿੱਥੇ ਸਰਕਾਰ ਆਪਣੇ ਪੱਧਰ ਤੇ ਨਸ਼ੇ ਦੇ ਕਾਰੋਬਾਰੀਆਂ ਨੂੰ ਨਕੇਲ ਕੱਸਣ ਤੇ ਲੱਗੀ ਹੋਈ ਹੈ, ਉੱਥੇ ਆਮ ਲੋਕਾਂ ਦੀ ਵੀ ਜ਼ਿੰਮੇਵਾਰੀ ਬਣਦੀ ਹੈ, ਕਿ ਉਹ ਪੰਜਾਬ ਸਰਕਾਰ ਵੱਲੋਂ ਚਲਾਈ ਗਈ ਇਸ ਮੁਹਿੰਮ ਦਾ ਹਿੱਸਾ ਬਣਨ ਅਤੇ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਮੁੱਖ ਮੰਤਰੀ ਭਗਵੰਤ ਮਾਨ ਦੀ ਸੋਚ ਨਾਲ ਜੁੜਨ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਇਸੇ ਤਰ੍ਹਾਂ ਹੀ ਨਸ਼ੇ ਦੇ ਸੌਦਾਗਰਾਂ ਵਿਰੁੱਧ ਕਾਰਵਾਈ ਕਰਦੀ ਰਹੀ ਤਾਂ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਵਿੱਚੋਂ ਨਸ਼ੇ ਦੀ ਜੜ੍ਹ ਖ਼ਤਮ ਹੋ ਜਾਵੇਗੀ ਅਤੇ ਸੂਬਾ ਇੱਕ ਵਾਰ ਵਾਰ ' ਫਿਰ ਤੋਂ ਸੋਨੇ ਦੀ ਚਿੜ੍ਹੀ ਬਣ ਜਾਵੇਗਾ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਅਧਿਕਾਰੀ ਦੀ ਮਨਮਾਨੀ ਵਿਰੁੱਧ

# ਪੀ.ਐਸ.ਈ.ਬੀ ਇੰਪਲਾਈਜ਼ ਫੈਡਰੇਸ਼ਨ ਨੇ ਕੀਤੀ ਗੇਟ ਰੈਲੀ




**ਫ਼ਿਰੋਜ਼ਪੁਰ, 3 ਮਾਰਚ (ਮਨੋਹਰ ਲਾਲ)**:— ਪੀ.ਐਸ.ਈ.ਬੀ ਇੰਪਲਾਈਜ਼ ਫੈਡਰੇਸ਼ਨ ਵੱਲੋਂ ਇੰਜ.ਨਵਨੀਤ ਕੁਮਾਰ ਐਕਸੀਅਨ ਟੈਕ ਵੰਡ ਹਲਕਾ ਫ਼ਿਰੋਜ਼ਪੁਰ ਦੀਆਂ ਮਨਮਾਨੀਆਂ ਵਿਰੁੱਧ ਸ਼ਹਿਰੀ ਮੰਡਲ ਮੂਹਰੇ ਕੀਤੀ ਗੇਟ ਰੈਲੀ। ਇਸ ਰੈਲੀ ਵਿਚ ਸਬ ਅਰਬਨ ਮੰਡਲ ਅਤੇ ਸ਼ਹਿਰੀ ਮੰਡਲ ਦੇ ਵੱਡੀ ਗਿਣਤੀ ਮੁਲਾਜ਼ਮਾਂ ਨੇ ਸ਼ਿਰਕਤ ਕੀਤੀ, ਜਦੋਂ ਕਿ ਸਟੇਜ਼ ਸਕੱਤਰ ਦੀ ਕਾਰਵਾਈ ਸੁਖਚੈਨ ਸਿੰਘ ਸਰਕਲ ਸਕੱਤਰ ਫ਼ਿਰੋਜ਼ਪੁਰ ਵੱਲੋਂ ਅਦਾ ਕੀਤੀ ਗਈ। ਗੇਟ ਰੈਲੀ ਦੌਰਾਨ ਬੋਲਦਿਆਂ ਰਾਜੇਸ਼ ਦੱਤਾ ਡਵੀਜਨ ਪ੍ਰਧਾਨ, ਸਰਕਲ ਪ੍ਰਧਾਨ ਅਸ਼ਵਨੀ ਕੁਮਾਰ, ਸਰਕਲ ਸਕੱਤਰ ਸੁਖਚੈਨ ਸਿੰਘ, ਸਕੱਤਰ ਮੀਤ ਪ੍ਰਧਾਨ ਤ੍ਰਿਲੋਚਨ ਸਿੰਘ, ਰਾਕੇਸ਼ ਸੈਣੀ ਸ਼ਹਿਰੀ ਮੰਡਲ ਸਕੱਤਰ, ਰੋਸ਼ਨ ਲਾਲ, ਰਜਿੰਦਰ ਕੁਮਾਰ, ਸੁਰਿੰਦਰ ਕੁਮਾਰ, ਰਜਿੰਦਰ ਸਿੰਘ, ਰੋਹਿਤ ਕੁਮਾਰ, ਸਾਹਿਲ, ਰਾਮ ਸੁੱਖ, ਲੱਖਾ ਸਿੰਘ, ਨੰਦ ਲਾਲ, ਅਵਤਾਰ ਸਿੰਘ ਆਦਿ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਨਵਨੀਤ ਕੁਮਾਰ ਐਕਸੀਅਨ ਲੰਬੇ ਸਮੇਂ ਤੋਂ ਮੁਲਾਜ਼ਮਾਂ ਨੂੰ ਬਿਨ੍ਹਾਂ ਵਜ੍ਹਾ ਤੋਂ ਖੱਜਲ ਖਆਰ ਕਰਦਾ ਆ ਰਿਹਾ ਹੈ। ਇਸ ਐਕਸੀਅਨ ਦੇ ਖਿਲਾਫ ਨਿਗਰਾਨ ਇੰਜੀਨੀਅਰ ਵੰਡ ਹਲਕਾ ਫ਼ਿਰੋਜ਼ਪੁਰ ਨੂੰ ਕਾਫੀ ਵਾਰ ਲਿਖਤ ਰੂਪ ਵਿਚ ਜਥੇਬੰਦੀ ਵੱਲੋਂ ਦਿੱਤਾ ਗਿਆ ਹੈ, ਪਰ ਇਸ ਦੇ ਬਾਵਜੂਦ ਵੀ ਮੁਲਾਜ਼ਮਾਂ ਵਿਰੁੱਧ ਗਲਤ ਦਰਖਾਸਤਾਂ, ਗਲਤ ਕੋਰਟ ਕੇਸ ਕਰ ਰਿਹਾ ਹੈ। ਆਗੂਆਂ ਨੇ ਕਿਹਾ ਕਿ ਜਥੇਬੰਦੀ ਵੱਲੋਂ ਮੁੱਖ ਇੰਜੀਨੀਅਰ ਪੱਛਮ ਜ਼ੋਨ ਬਠਿੰਡਾ ਨੂੰ ਵੀ ਨਿੱਜੀ ਤੌਰ ਤੇ ਮਿਲ ਕੇ ਇਸ ਅਧਿਕਾਰੀ ਵਿਰੁੱਧ ਕਾਰਵਾਈ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਨਿਗ. ਇੰਜ. ਵੰਡ ਹਲਕਾ ਵੱਲੋਂ ਇਸ ਵਿਰੁੱਧ ਉੱਚ ਅਧਿਕਾਰੀਆਂ ਨੂੰ ਲਿਖਤੀ ਰੂਪ ਵਿਚ ਇਸ ਵਿਰੁੱਧ ਕਾਰਵਾਈ ਕਰਨ ਲਈ ਲਿਖਿਆ ਗਿਆ ਹੈ, ਪ੍ਰੰਤੂ ਲੰਮਾ ਸਮਾਂ ਬੀਤ ਜਾਣ ਦੇ ਬਾਵਜੂਦ ਅਜੇ ਤੱਕ ਕੋਈ ਵੀ ਢੁੱਕਵੀਂ ਕਾਰਵਾਈ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਉਕਤ ਅਧਿਕਾਰੀ ਆਪਣੀ ਡਿਊਟੀ ਤੋਂ ਕੁਤਾਹੀ ਕਰ ਰਿਹਾ ਹੈ, ਖਪਤਕਾਰ, ਆਮ ਲੋਕ ਅਤੇ ਮੁਲਾਜ਼ਮ ਖਰਾਬ ਹੋ ਰਹੇ ਹਨ। ਜਥੇਬੰਦੀ ਦੇ ਆਗੂਆਂ ਨੇ ਮੰਗ ਕੀਤੀ ਕਿ ਜਥੇਬੰਦੀ ਨੂੰ ਇਨਸਾਫ ਦਿਵਾਇਆ ਜਾਵੇ ਅਤੇ ਜੇਕਰ ਉੱਚ ਅਧਿਕਾਰੀਆਂ ਵੱਲੋਂ ਇਸ ਵਿਰੁੱਧ ਕੋਈ ਫੈਸਲਾ ਨਹੀਂ ਲਿਆ ਤਾਂ ਜਥੇਬੰਦੀ ਸੰਘਰਸ਼ ਨੂੰ ਹੋਰ ਤੇਜ਼ ਕਰੇਗੀ ਅਤੇ ਇਸ ਦੇ ਨਿਕਲਣ ਵਾਲੇ ਸਿੱਟਿਆਂ ਦਾ ਖੁਦ ਜਿੰਮੇਵਾਰ ਇੰਜ. ਨਵਨੀਤ ਕੁਮਾਰ ਐਕਸੀਅਨ ਹੋਵੇਗਾ।

### ਬੀਬੀ ਕੌਲਾਂ ਜੀ ਭਲਾਈ ਕੇਂਦਰ ਵੱਲੋਂ ਚੱਲ ਰਹੀਆਂ ਸੇਵਾਵਾਂ ਦੇ ਮੱਦੇਨਜ਼ਰ

# ਭਾਈ ਗੁਰਇਕਬਾਲ ਸਿੰਘ ਜੀ ਦਾ ਵਿਸ਼ੇਸ਼ ਸਨਮਾਨ

**ਚੌਕ ਮਹਿਤਾ, 3 ਮਾਰਚ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਪਿਛਲੇ ਦਿਨੀਂ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ, ਅੰਮ੍ਰਿਤਸਰ ਵਿਖੇ ਗੁਰਮਤਿ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਟਰੱਸਟ ਦੇ ਮੁੱਖ ਸੇਵਾਦਾਰ ਮੁੱਖ ਸੇਵਾਦਾਰ ਤੇ ਪੰਥ ਪ੍ਰਸਿੱਧ ਗੁਰੂ ਘਰ ਦੇ ਨਿਸ਼ਕਾਮ ਕੀਰਤਨੀਏ ਭਾਈ ਗੁਰਇਕਬਾਲ ਸਿੰਘ ਜੀ ਦੀਆਂ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਵਿਸ਼ੇਸ਼ ਸਨਮਾਨ ਕੀਤਾ ਗਿਆ ਜ਼ਿਕਰਯੋਗ ਹੈ ਕਿ ਭਾਈ ਸਾਹਿਬ ਵਲੋਂ ਦੇਸ਼ਾਂ-ਵਿਦੇਸ਼ਾਂ ਵਿੱਚ ਸਮਾਜਿਕ ਅਤੇ ਧਾਰਮਿਕ ਸੇਵਾਵਾਂ ਕਰਵਾਈਆਂ ਜਾ ਰਹੀਆਂ ਹਨ। ਜਿਸ ਵਿੱਚ ਕਾਰ ਸੇਵਾ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਚਾਟੀਵਿੰਡ ਚੌਂਕ ਅੰਮ੍ਰਿਤਸਰ,ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਟਾਹਲਾ ਸਾਹਿਬ ਦੀ ਕਾਰ ਸੇਵਾ, ਸ਼ਹੀਦ ਭਾਈ ਤਾਰੂ ਸਿੰਘ ਜੀ ਦੇ ਅਸਥਾਨ ਦੀ ਸੇਵਾ,ਗੁਰਦੁਆਰਾ ਬੀਬੀ ਵੀਰੋ ਜੀ ਦੇ ਅਸਥਾਨ ਦੀ ਸੇਵਾ (ਝਬਾਲ),ਗੁਰਦੁਆਰਾ ਪਹੁਵਿੰਡ ਸਾਹਿਬ ਜਨਮ ਅਸਥਾਨ ਬਾਬਾ ਦੀਪ ਸਿੰਘ ਜੀ, ਗੁਰੂਦੁਆਰਾ ਸ੍ਰੀ ਬਿਬੇਕਸਰ ਸਾਹਿਬ, ਕਾਰ ਸੇਵਾ ਗੁਰਦੁਆਰਾ ਬੀਬੀ ਕੌਲਾਂ ਜੀ ਕੋਲਸਰ ਸਾਹਿਬ,ਚੁਪਹਿਰਾ ਸਾਹਿਬ ਤੇ ਆਉਣ ਵਾਲੀਆਂ ਸੰਗਤਾਂ ਲਈ ਫ੍ਰੀ ਕਾਰ ਪਾਰਕਿੰਗ ਦੀ ਸੇਵਾ,ਹਰ ਮਹੀਨੇ ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਦੀ ਸੇਵਾ,ਲੋੜਵੰਦ ਬੱਚਿਆਂ ਨੂੰ ਫ੍ਰੀ ਕੰਪਿਊਟਰ ਅਤੇ ਸਿਲਾਈ ਕਢਾਈ ਸੈਂਟਰ, ਬੀਬੀ ਕੌਲਾਂ ਜੀ ਪਬਲਿਕ ਸਕੂਲ ਬਰਾਂਚ-1,ਬੀਬੀ ਕੌਲਾਂ ਜੀ ਪਬਲਿਕ ਸਕੂਲ ਬਰਾਂਚ-2 ,ਬੀਬੀ ਕੌਲਾਂ ਜੀ ਚੈਰੀਟੇਬਲ ਹਸਪਤਾਲ ਅਤੇ ਅਨੇਕਾਂ ਹੀ ਭਲੇ ਦੇ ਕਾਰਜ ਕੀਤੇ ਜਾ ਰਹੇ ਹਨ ਅੱਜ ਭਾਈ ਸਾਹਿਬ ਵੱਲੋਂ ਕੀਤੇ ਜਾ ਰਹੇ ਇਨਾਂ ਕਾਰਜਾਂ ਦੀ ਸ਼ਲਾਘਾ ਕਰਦੇ ਹੋਏ ਬੀਬੀ ਕੋਲਾਂ ਜੀ ਭਲਾਈ ਕੇਂਦਰ ਟਰੱਸਟ ਦੇ ਮੈਨੇਜਰ ਸ੍ਰ.ਪਰਮਜੀਤ ਸਿੰਘ ਢੱਲ ,ਸ੍ਰ.ਸੁਖਵਿੰਦਰ ਸਿੰਘ ਮੈਨੇਜਰ,ਸ੍ਰ.ਕੇ ਪੀ ਸਿੰਘ ਅਤੇ ਮਨਦੀਪ ਸਿੰਘ ਨੇ ਵਿਸ਼ੇਸ਼ ਤੌਰ ਤੇ ਭਾਈ ਸਾਹਿਬ ਜੀ ਦਾ ਸਨਮਾਨ ਕੀਤਾ ਅਤੇ ਭਾਈ ਸਾਹਿਬ ਵੱਲੋਂ ਚਲਾਏ ਜਾ ਰਹੇ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਦੇ ਸਮੁੱਚੇ ਪ੍ਰਬੰਧ ਅਤੇ ਭਾਈ ਸਾਹਿਬ ਦੀ ਦੂਰਅੰਦੇਸ਼ੀ ਸੋਚ ਦੀ ਪੁਰਜੋਰ ਸ਼ਲਾਂਘਾ ਕਰਦਿਆਂ ਕਿਹਾ ਕਿ ਭਾਈ ਸਾਹਿਬ ਵਲੋਂ ਕੀਤੇ ਜਾ ਰਹੇ ਕਰਜ਼ਾ ਨਾਲ ਲੱਖਾਂ ਲੋੜਵੰਦ ਅਤੇ ਗਰੀਬ ਪਰਿਵਾਰਾਂ ਨੂੰ ਲਾਭ ਮਿਲ ਰਿਹਾ ਹੈ । ਇਸ ਮੌਕੇ ਸੰਗਤ ਵਿੱਚ ਮਾਤਾ ਵਿਪਨਪ੍ਰੀਤ ਕੌਰ ਜੀ ਲੁਧਿਆਣੇ ਵਾਲੇ, ਸ.ਜਸਵਿੰਦਰ ਸਿੰਘ ਸਿਵਲ ਲਾਈਨ ਵਾਲੇ,ਸ.ਗੁਰਪਾਲ ਸਿੰਘ,ਸ.ਟਹਿਲਇੰਦਰ ਸਿੰਘ,ਗੋਲਡੀ ਵੀਰ ਜੀ ਆਦਿ ਮੌਜੂਦ ਸਨ।



# ਫੈਡਰੇਸ਼ਨ ਮਹਿਤਾ ਵੱਲੋਂ ਜ਼ਿਲ੍ਹਾ ਪੁਲਿਸ ਮੁਖੀ ਦਾ ਸਨਮਾਨ

### ਇਲਾਕੇ ਵਿਚ ਸ਼ਾਂਤੀ ਰੱਖਣ ਲਈ ਅਜਿਹੀਆਂ ਸੰਸਥਾਵਾਂ ਦਾ ਸਹਿਯੋਗ ਜ਼ਰੂਰੀ—ਐਸ.ਐਸ.ਪੀ



ਫ਼ਿਰੋਜ਼ਪੁਰ, 3 ਮਾਰਚ (ਮਨੋਹਰ ਲਾਲ) :— ਪਹਿਲੇ ਪੁਲਿਸ ਮੁਖੀ ਦਾ ਤਬਾਦਲਾ ਹੋਣ ਤੇ ਫ਼ਿਰੋਜ਼ਪੁਰ ਦੇ ਨਵੇਂ ਜ਼ਿਲ੍ਹਾ ਪੁਲਿਸ ਮੁਖੀ ਭੁਪਿੰਦਰ ਸਿੰਘ ਸਿੱਧੂ ਜ਼ੋ ਕਿ ਇਕ ਇਮਾਨਦਾਰ ਅਤੇ ਚੰਗੇ ਸੁਭਾਅ ਦੇ ਹੋਣ ਕਾਰਣ ਲੋਕਾਂ ਵਿਚ ਹਰਮਨ ਪਿਆਰੇ ਹਨ, ਨੂੰ ਕੁਝ ਸੰਸਥਾਵਾਂ ਵੱਲੋਂ ਜੀ ਆਇਆ ਕਹਿਣ ਦੇ ਨਾਲ—ਨਾਲ ਉਨ੍ਹਾਂ ਨੂੰ ਸਨਮਾਨਿਤ ਵੀ ਕੀਤਾ ਜਾ ਰਿਹਾ ਹੈ। ਅੱਜ ਇਸੇ ਹੀ ਕੜੀ ਤਹਿਤ ਫ਼ਿਰੋਜ਼ਪੁਰ ਦੇ ਉੱਘੀ ਧਾਰਮਿਕ ਅਤੇ ਸਮਾਜਿਕ ਖੇਤਰ ਵਿਚ ਪਿਛਲੇ ਲੰਬੇ ਸਮੇਂ ਤੋਂ ਨਿਸ਼ਕਾਮ ਸੇਵਾ ਕਰਦੀ ਆ ਰਹੀ ਜਥੇਬੰਦੀ ਸਿੱਖ ਸਟੂਡੈਂਟਸ ਫੈਡਰੇਸ਼ਨ ਮਹਿਤਾ ਦੇ ਵਰਕਰਾਂ ਵੱਲੋਂ ਵੀ ਉਨ੍ਹਾਂ ਨੂੰ ਜੀ ਆਇਆ ਕਹਿਣ ਦੇ ਨਾਲ—ਨਾਲ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਫੈਡਰੇਸ਼ਨ ਦੇ ਕੌਮੀ ਸੀਨੀਅਰ ਮੀਤ ਪ੍ਰਧਾਨ ਭਾਈ ਜ਼ਸਪਾਲ ਸਿੰਘ, ਕੌਮੀ ਮੀਤ ਪ੍ਰਧਾਨ ਭਾਈ ਸੁਖਦੇਵ ਸਿੰਘਲਾਡਾ ਜ਼ਿਲ੍ਹਾ ਪ੍ਰਧਾਨ ਸਹਿਰੀ ਡਾ: ਗੁਰਮੀਤ ਸਿੰਘ ਸਿੱਧੂ, ਜ਼ਿਲ੍ਹਾ ਪ੍ਰਧਾਨ ਦਿਹਾਤੀ ਜ਼ਸਬੀਰ ਸਿੰਘ ਤੇਗਾ ਸਿੰਘ ਵਾਲਾ ਅਤੇ ਸਰਕਲ ਸ਼ਹਿਰੀ ਪ੍ਰਧਾਨ ਕੁਲਦੀਪ ਸਿੰਘ ਨੰਦਾ ਨੇ ਜ਼ਿਲ੍ਹਾ ਪੁਲਿਸ ਮੁਖੀ ਨੂੰ ਫੈਡਰੇਸ਼ਨ ਦੀ ਸਮੁੱਚੀ ਕਾਰਗੁਜਾਰੀ ਤੋਂ ਜਾਣੂ ਕਰਵਾਇਆ। ਸ੍ਰੀ ਭੁਪਿੰਦਰ ਸਿੰਘ ਨੇ ਫੈਡਰੇਸ਼ਨ ਮਹਿਤਾ ਵਰਕਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਇਸ ਸੇਵਾ ਨੂੰ ਆਉਣ ਵਾਲੇ ਸਮੇਂ ਵਿਚ ਵੀ ਜਾਰੀ ਰੱਖਣ, ਪੁਲਿਸ ਪ੍ਰਸ਼ਾਸਨ ਵੱਲੋਂ ਉਨ੍ਹਾਂ ਨੂੰ ਪੂਰਾ ਸਹਿਯੋਗ ਦਿੱਤਾ ਜਾਵੇਗਾ। ਉਨ੍ਹਾਂ ਅੱਗੇ ਕਿਹਾ ਕਿ ਇਲਾਕੇ ਵਿਚ ਸ਼ਾਂਤੀ ਦੀ ਬਹਾਲੀ ਅਤੇ ਨਸ਼ਾ ਤਸਕਰਾਂ ਨਾਲ ਨਜਿੱਠਣ ਲਈ ਅਜਿਹੀਆਂ ਸੰਸਥਾਵਾਂ ਦਾ ਸਹਿਯੋਗ ਜ਼ਰੂਰੀ ਹੁੰਦਾ ਹੈ ਅਤੇ ਪਬਲਿਕ ਦੇ ਸਹਿਯੋਗ ਨਾਲ ਹੀ ਬੁਰਾਈਆਂ ਤੇ ਜਿੱਤ ਪ੍ਰਾਪਤ ਕੀਤੀ ਜਾ ਸਕਦੀ ਹੈ।

## ਛੋਟੀਆਂ ਮੱਛੀਆਂ ਦੇ ਨਾਲ-ਨਾਲ ਵੱਡੇ ਮਗਰਮੱਛਾਂ ਤੇ ਵੀ ਹੋਵੇ ਕਾਰਵਾਈ : ਭੁੱਲਰ



ਫ਼ਿਰੋਜ਼ਪੁਰ, 3 ਮਾਰਚ (ਮਨੋਹਰ ਲਾਲ):— ਨਸ਼ਿਆਂ ਵਿਰੁੱਧ ਲਾਮਬੰਦ ਹੋਈ ਪੰਜਾਬ ਪੁਲਿਸ ਦੀ ਕਾਰਗੁਜਾਰੀ ਤੇ ਸੰਤੁਸ਼ਟੀ ਜ਼ਾਹਿਰ ਕਰਦਿਆਂ ਗੁਰਚਰਨ ਸਿੰਘ ਭੁੱਲਰ ਜ਼ਿਲ੍ਹਾ ਪ੍ਰਧਾਨ ਸ੍ਰੋ.ਮਣੀ ਅਕਾਲੀ ਦਲ ਅੰਮ੍ਰਿਤਸਰ ਜ਼ਿਲ੍ਹਾ ਫ਼ਿਰੋਜ਼ਪੁਰ ਨੇ ਕਿਹਾ ਕਿ ਦੇਰ ਆਏ ਦਰੁਸਤ ਆਏ ਜੋ ਸਰਕਾਰ ਅਤੇ ਪ੍ਰਸ਼ਾਸਨ ਕੁਭ ਕਰਨ ਦੀ ਨੀਂਦ ਵਿਚੋ ਜਾਗੇ ਹਨ ਅਤੇ ਨਸ਼ਿਆਂ ਦੇ ਖਿਲਾਫ਼ ਸਖਤ ਕਾਰਵਾਈ ਕਰ ਰਹੀ ਹੈ ਇਸ ਨਾਲ ਲੋਕਾਂ ਨੂੰ ਰਾਹਤ ਮਿਲੇਗੀ ਅਤੇ ਪੁਲਿਸ ਪ੍ਰਸ਼ਾਸਨ ਉਪਰ ਲੱਗਦੇ ਧੱਬੇ ਵੀ ਧੋਤੇ ਜਾਣਗੇ। ਸ੍ਰੀ ਗੁਰਚਰਨ ਸਿੰਘ ਭੁੱਲਰ ਨੇ ਕਿਹਾ ਕਿ ਜੇਕਰ ਪੁਲਿਸ ਪ੍ਰਸ਼ਾਸਨ ਛੋਟੇ—ਛੋਟੇ ਨਸ਼ਾ ਤਸਕਰਾਂ ਦੇ ਨਾਲ—ਨਾਲ ਵੱਡੇ—ਵੱਡੇ ਮਗਰਮੱਛਾਂ ਤੇ ਵੀ ਕਾਰਵਾਈ ਕਰੇ ਤਾਂ ਨੌਜਵਾਨੀ ਨੂੰ ਨਸ਼ਿਆਂ ਵੱਲੋਂ ਮੋੜਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਗਰੀਬ ਘਰਾਂ ਦੇ ਘਰ ਤਾਂ ਮਿੰਟਾਂ ਵਿਚ ਢਾਹੇ ਜਾਂਦੇ ਹਨ ਪਰ ਜੋ ਵੱਡੇ—ਵੱਡੇ ਸੁਦਾਗਰ ਹਨ ਜਿੰਨਾਂ ਨੇ ਸਾਰੇ ਦੇਸ਼ ਦੇ ਨੌਜਵਾਨਾਂ ਨੂੰ ਨਸ਼ੇ ਰਾਹੀਂ ਮੌਤ ਦੇ ਮੂੰਹ ਵੱਲ ਧਕੇਲ ਦਿੱਤਾ ਹੈ ਉਨ੍ਹਾਂ ਤੇ ਕਾਰਵਾਈ ਕਦੋ ਹੋਵੇਗੀ। ਉਨ੍ਹਾਂ ਕਿਹਾ ਕਿ ਨਸ਼ਾ ਕੋਈ ਛੋਟੇ ਮੋਟੇ ਨਹੀਂ ਵੇਚਦੇ ਇਸ ਪਿੱਛੇ ਬੜੇ ਵੱਡੇ—ਵੱਡੇ ਆਗੂਆਂ ਦੇ ਹੱਥ ਹਨ ਅਤੇ ਜੋ ਲੀਡਰਾਂ ਅਤੇ ਸਰਕਾਰਾਂ ਨਾਲ ਚੱਲਦੇ ਹਨ ਅਤੇ ਮੋਟਾ ਫੰਡ ਦਿੰਦੇ ਹਨ ਅਤੇ ਜਿਨ੍ਹਾਂ ਨੇ ਜੇਹੜੀ ਵੀ ਸਰਕਾਰ ਆਈ ਉਸੇ ਦੇ ਲੀਡਰਾਂ ਨਾਲ ਚੱਲ ਕੇ ਨਸ਼ੇ ਦਾ ਵਪਾਰ ਕੀਤਾ। ਸ੍ਰੀ ਗੁਰਚਰਨ ਸਿੰਘ ਭੁੱਲਰ ਨੇ ਕਿਹਾ ਕਿ ਅਗਰ ਨਸ਼ਾ ਮੁਕਤ ਪੰਜਾਬ ਬਨਾਉਣਾ ਹੈ ਤਾਂ ਪਹਿਲਾਂ ਉਪਰਲਿਆਂ ਨੂੰ ਹੱਥ ਪਾਇਆ ਜਾਵੇ, ਜੇਕਰ ਮੱਝ ਮਰ ਗਈ ਤਾਂ ਜੂਆਂ ਆਪਣੇ ਆਪ ਮਰ ਜਾਣਗੀਆਂ। ਇਸ ਲਈ ਪ੍ਰਸ਼ਾਸਨ ਬਹੁਤ ਵਧੀਆਂ ਕੰਮ ਕਰ ਰਿਹਾ ਹੈ ਅਤੇ ਇਸ ਦੀ ਜੜ੍ਹ ਤੱਕ ਜਾ ਕੇ ਨੌਜਵਾਨੀ ਨੂੰ ਨਸ਼ਿਆ ਵਿੱਚ ਡੋਬਣ ਵਾਲਿਆਂ ਤੇ ਸਖਤ ਕਾਰਵਾਈ ਕਰੇ ਤਾਂ ਕਿ ਨਸ਼ਾ ਮੁਕਤ ਪੰਜਾਬ ਬਣ ਸਕੇ।

### ਗੁਰੂ ਕਾਸ਼ੀ ਯੂਨੀਵਰਸਿਟੀ ਵੱਲੋਂ

# ਰਾਸ਼ਟਰੀ ਸਾਇੰਸ ਦਿਹਾੜੇ ਮੌਕੇ ਸੈਮੀਨਾਰ ਆਯੋਜਿਤ

ਤਲਵੰਡੀ ਸਾਬੋ, 03 ਮਾਰਚ (ਗੁਰਜੰਟ ਸਿੰਘ ਨਥੇਹਾ)- ਗੁਰੂ ਕਾਸ਼ੀ ਯੂਨੀਵਰਸਿਟੀ ਦੇ ਫੈਕਲਟੀ ਆਫ਼ ਸਾਇੰਸਜ਼ ਹਿਊਮੈਨਟੀਜ਼ ਐਂਡ ਲੈਂਗੁਏਜ਼ਸ ਵੱਲੋਂ ਪ੍ਰੋ. (ਡਾ.) ਪੀਯੂਸ਼ ਵਰਮਾ ਕਾਰਜਕਾਰੀ ਉਪ ਕੁਲਪਤੀ ਦੇ ਮਾਰਗ ਦਰਸ਼ਨ ਹੇਠ ਭਾਰਤ ਸਰਕਾਰ ਦੀ ਰਾਜ ਪੱਧਰੀ ਨੋਡਲ ਏਜੰਸੀ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ ਤੇ ਡਿਪਾਰਟਮੈਂਟ ਆਫ਼ ਸਾਇੰਸ ਐਂਡ ਟੈਕਨਾਲੋਜੀ ਦੇ ਸਹਿਯੋਗ ਨਾਲ ਰਾਸ਼ਟਰੀ ਸਾਇੰਸ ਦਿਹਾੜਾ ਸੈਮੀਨਾਰ ਦਾ ਆਯੋਜਨ ਕਰਕੇ ਮਨਾਇਆ ਗਿਆ। ਜਿਸ ਵਿੱਚ ਡਾ. ਅਮਿਤ ਧੀਰ ਪ੍ਰੋਫੈਸਰ ਸਕੂਲ ਆਫ਼. ਐਨਰਜ਼ੀ ਐਂਡ ਇੰਨਵਾਇਰਮੈਂਟ ਤੇ ਡਾ. ਤਾਜੋ ਪ੍ਰਕਾਸ਼ ਡੀਨ ਰਿਸਰਚ ਥਾਪਰ ਯੂਨੀਵਰਸਿਟੀ ਪਟਿਆਲਾ ਨੇ ਮੁੱਖ ਵੱਕਤਾ ਵੱਜੋਂ ਸ਼ਿਰਕਤ ਕੀਤੀ। ਇਸ ਮੌਕੇ ਡਾ. ਵਰਮਾ ਨੇ ਦੱਸਿਆ ਕਿ ਜੀ.ਕੇ.ਯੂ. ਵੱਲੋਂ ਆਮ ਲੋਕਾਂ ਦੇ ਜੀਵਨ ਨੂੰ ਸੁਖਾਲਾ ਕਰਨ ਲਈ ਸਥਾਈ ਖੋਜ਼ਾਂ ਅਤੇ ਜਨਤਾ ਨੂੰ ਦਰਪੇਸ਼ ਆ ਰਹੀਆਂ ਦਿੱਕਤਾਂ ਦੇ ਸਮਾਧਾਨ ਤੇ ਖੋਜ ਕਾਰਜਾਂ ਨੂੰ ਹੁਲਾਰਾ ਦੇਣ ਲਈ ਇਹ ਸੈਮੀਨਾਰ ਆਯੋਜਿਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਵਿਸ਼ੇਸ਼ ਤੌਰ ਤੇ ਪਲੀਤ ਹੋ ਰਿਹਾ ਸਾਡਾ ਆਲਾ ਦੁਆਲਾ ਚਿੰਤਾ ਦਾ ਵਿਸ਼ਾ ਹੈ, ਉਨ੍ਹਾਂ ਹਵਾ, ਪਾਣੀ ਅਤੇ ਮਿੱਟੀ ਦੀ ਸਾਂਭ ਸੰਭਾਲ ਤੇ ਵਿਸ਼ੇਸ਼ ਜ਼ੋਰ ਦਿੱਤਾ। ਇਸ ਮੌਕੇ ਡਾ. ਧੀਰ ਨੇ ਉਨ੍ਹਾਂ ਦੀ ਟੀਮ ਵੱਲੋਂ ਵੱਖ-ਵੱਖ ਪਿੰਡਾਂ ਵਿੱਚ ਕਾਮਯਾਬੀ ਨਾਲ ਚਲਾਏ ਜਾ ਰਹੇ ਵਾਟਰ ਟ੍ਰੀਟਮੈਂਟ ਪਲਾਂਟਾਂ ਦਾ ਹਵਾਲਾ ਦਿੰਦੇ ਦੱਸਿਆ ਕਿ ਉਨ੍ਹਾਂ ਵੱਲੋਂ ਕੀਤੀਆਂ ਗਈਆਂ ਖੋਜਾਂ ਕਾਰਨ ਪਿੰਡਾਂ ਦੇ ਫਾਲਤੂ ਪਾਣੀ ਨੂੰ ਮੁੜ ਵਰਤਨ ਯੋਗ ਅਤੇ ਖੇਤੀ ਵਿੱਚ ਸਿੰਚਾਈ ਲਈ ਵਰਤਿਆ ਜਾ ਰਿਹਾ ਹੈ ਜੋ ਸਸਤਾ ਅਤੇ ਊਰਜਾ ਬਚਾਉ ਹੈ। ਉਨ੍ਹਾਂ ਕਿਹਾ ਕਿ ਪਾਣੀ ਦੀ ਸਾਂਭ ਸੰਭਾਲ ਅਤਿ ਜ਼ਰੂਰੀ ਹੈ ਕਿਉਂਕਿ ਇਸ ਦੇ ਗੰਦਲੇ ਹੋਣ ਨਾਲ ਕਈ ਤਰ੍ਹਾਂ ਦੀਆਂ ਬਿਮਾਰੀਆਂ ਅਤੇ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ। ਉਨ੍ਹਾਂ ਖੋਜਾਰਥੀਆਂ ਅਤੇ ਵਿਦਿਆਰਥੀਆਂ ਨੂੰ ਇਸ ਖੇਤਰ ਵਿੱਚ ਖੋਜ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਡਾ. ਪ੍ਰਕਾਸ਼ ਨੇ ਸਰ ਸੀ.ਵੀ.ਰਮਨ ਵੱਲੋਂ ਖੋਜੀ ਗਈ ਰਮਨ ਇਫੈਕਟ ਅਤੇ ਰਾਸ਼ਟਰੀ ਸਾਇੰਸ ਦਿਹਾੜੇ ਦੀ ਪ੍ਰਸਾਂਗਿਕਤਾ ਬਾਰੇ ਚਾਨਣਾ ਪਾਇਆ। ਉਨ੍ਹਾਂ ਦੁਨੀਆਂ ਦੇ ਲੋਕਾਂ ਨੂੰ ਪੇਸ਼ ਆ ਰਹੀਆਂ ਨਵੀਆਂ ਚੁਣੌਤੀਆਂ ਬਾਰੇ ਜਾਣਕਾਰੀ ਦਿੱਤੀ ਅਤੇ ਵਿਦਿਆਰਥੀਆਂ ਨੂੰ ਨਵੀਆਂ ਕਾਢਾਂ ਲਈ ਪ੍ਰੇਰਿਤ ਕੀਤਾ। ਡਾ. ਸੁਨੀਤਾ ਰਾਣੀ ਡੀਨ, ਫੈਕਲਟੀ ਆਫ਼ ਸਾਇੰਸਜ਼ ਨੇ ਆਪਣੇ ਧੰਨਵਾਦੀ ਭਾਸ਼ਣ ਵਿੱਚ ਧਰਤੀ ਹੇਠਲੇ ਪਾਣੀ ਪਿੰਡਾਂ ਅਤੇ ਸ਼ਹਿਰਾਂ ਵਿੱਚ ਬਰਬਾਦ ਤੇ ਪਲੀਤ ਹੋ ਰਹੇ ਪਾਣੀ ਨੂੰ ਸਾਫ ਕਰਕੇ ਮੁੜ ਵਰਤਣ ਯੋਗ ਬਣਾਉਣ ਲਈ ਹੋਰ ਖੋਜਾਂ ਕਰਨ ਦੀ ਸਲਾਹ ਦਿੱਤੀ। ਸੈਮੀਨਾਰ ਵਿੱਚ ਡਾ. ਵਿਨੋਦ ਕੁਮਾਰ ਵਿਭਾਗ ਮੁਖੀ ਨੇ ਵੀ ਆਪਣੇ ਵਿਚਾਰ ਰੱਖੇ। ਸੈਮੀਨਾਰ ਵਿੱਚ ਵੱਖ-ਵੱਖ ਵਿਭਾਗਾਂ ਦੇ ਡੀਨ, ਫੈਕਲਟੀ ਮੈਂਬਰਾਂ, ਲਗਭਗ 125 ਵਿਦਿਆਰਥੀਆਂ ਅਤੇ ਖੋਜਾਰਥੀਆਂ ਨੇ ਹਿੱਸਾ ਲਿਆ। ਸੈਮੀਨਾਰ ਦਾ ਸੰਚਾਲਨ ਡਾ. ਜੀਨੀਅਸ ਵਾਲੀਆ ਵੱਲੋਂ ਬਾਖੂਬੀ ਕੀਤਾ ਗਿਆ। ਆਯੋਜਕਾਂ ਵੱਲੋਂ ਮੁੱਖ ਵਕਤਾਵਾਂ ਨੂੰ ਯਾਦਸ਼ਤ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।



ਅਸੀਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਦੇ ਨਾਲ

# ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਹਾਂ - ਭਾਈ ਰਾਜਮਨਵਿੰਦਰ ਸਿੰਘ ਕੰਗ ਸਾਬਕਾ ਪ੍ਰਧਾਨ ਗੁਰੂ ਤੇਗ ਬਹਾਦਰ ਗੁਰਦੁਆਰਾ ਲੈਸਟਰ





ਬਰਮਿੰਘਮ ਸਮੈਦਿਕ (ਆਵਾਜਿ ਕੌਮ ਬਿਊਰੋ) ਗੁਰੂ ਰੂਪ ਗੁਰੂ ਪਿਆਰੀ ਸਾਧ ਸੰਗਤ ਜੀ ਫਤਿਹ ਪ੍ਰਵਾਨ ਕਰਨੀ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ ਅੱਜ ਦੇ ਇਸ ਪੰਥਕ ਇਕੱਠ ਵਿੱਚ ਗੁਰੂ ਨਾਨਕ ਗੁਰਦੁਆਰਾ ਸਾਹਿਬ ਦੀ ਸਮੁੱਚੀ ਪ੍ਰਬੰਧਕ ਕਮੇਟੀ ਪ੍ਰਧਾਨ ਸਰਦਾਰ ਕੁਲਦੀਪ ਸਿੰਘ ਜੀ ਦਿਓਲ ਅਤੇ ਸਮੁੱਚੇ ਪ੍ਰਬੰਧ ਦਾ ਅਸੀਂ ਧੰਨਵਾਦ ਕਰਦੇ ਹਾਂ ਕਿ ਜਦੋਂ ਵੀ ਸਮਾਂ ਬਣਿਆ ਪੰਥ ਤੇ ਕੌਮ ਤੇ ਕੋਈ ਵੀ ਗੱਲਬਾਤ ਕਰਨ ਦਾ ਅਫਸਰ ਹੋਇਆ ਤੇ ਪ੍ਰਬੰਧਕ ਕਮੇਟੀ ਨੇ ਪੂਰਾ ਸਹਿਯੋਗ ਦੇ ਕੇ ਵਿੱਚ ਯੋਗਦਾਨ ਪਾਇਆ ਮੈਂ ਬੇਨਤੀ ਕਰਦਾ ਕਿ ਮੌਜੂਦਾ ਪ੍ਰਧਾਨ ਸਾਹਿਬ ਸਰਦਾਰ ਗੁਰਨਾਮ ਸਿੰਘ ਜੀ ਗੁਰੂ ਤੇਗ ਬਹਾਦਰ ਗੁਰਦੁਆਰਾ ਸਾਹਿਬ ਦੇ ਸੰਗਤ ਵਿੱਚ ਸੁਸ਼ੋਭਤ ਹਨ ਮੈਂ ਸੇਵਾ ਕਰ ਚੁੱਕਾ ਹਾਂ ਸਾਬਕਾ ਹਾਂ ਸੋ ਅੱਜ ਦੇ ਸਾਧ ਸੰਗਤ ਜੀ ਇਕੱਠ ਦੇ ਵਿੱਚ ਆਪਾਂ ਬੜੇ ਪਿਆਰ ਸਤਿਕਾਰ ਦੇ ਨਾਲ ਸਾਰਿਆਂ ਨੇ ਵਿਚਾਰਾਂ ਕਰਨੀਆਂ ਹਨ ਸਮੁੱਚੀਆਂ ਪੰਥਕ ਜਥੇਬੰਦੀਆਂ ਗੁਰਦੁਆਰਾ ਸਾਹਿਬਾਨਾਂ ਦੇ ਨੁਮਾਇੰਦੇ ਇਕੱਤਰਤਾ ਦੇ ਵਿੱਚ ਸ਼ਾਮਿਲ ਹਨ ਅਸੀਂ ਦੱਸਣਾ ਚਾਹੁੰਦੇ ਹਾਂ ਕਿ ਜਿੱਥੇ ਪੰਜਾਬ ਦੇ ਪੰਥਕ ਲੋਕ ਪੰਥਕ ਜਥੇਬੰਦੀਆਂ ਸ਼੍ਰੀ ਅਕਾਲ ਤਖਤ ਸਾਹਿਬ ਦੇ ਮੋਢੇ ਨਾਲ ਮੋਢਾ ਲਾ ਕੇ ਖੜਦੀਆਂ ਹਨ ਉੱਥੇ ਸਮੇਂ



ਸਮੇਂ ਤੇ ਵਿਦੇਸ਼ੀ ਸਿੱਖਾਂ ਨੇ ਆਪਣਾ ਪੂਰਨ ਯੋਗਦਾਨ ਪਾਇਆ ਹੈ। ਅੱਜ ਕੁਛ ਆਪ ਜੀ ਦੇ ਨਿਮਰ ਮਤੇ ਰੱਖੇ ਜਾਣਗੇ ਮੇਰੇ ਤੋਂ ਬਾਅਦ ਦੇ ਵਿੱਚ ਬੜੇ ਸੁਲਝੇ ਹੋਏ ਵਿਦਵਾਨ ਬੜੇ ਸੁਲਝੇ ਹੋਏ ਸਿੰਘ ਜਿਨਾਂ ਨੇ 40-40ਸਾਲ 50-50 ਸਾਲ ਹੋ ਗਏ ਕੌਮ ਦੀ ਨੁਮਾਇੰਦਗੀ ਕੀਤੀ ਆ ਜੇਕਰ ਮੈਨੂੰ ਦੋ ਮਿੰਟ ਬੋਲਣ ਦਾ ਸਮਾਂ ਦਿੱਤਾ ਤੇ ਮੈਂ ਬੇਨਤੀ ਕਰਾਂਗਾ ਦੋ ਕੁ ਮਿੰਟ ਮਾੜੇ ਜੀ ਬਖਸ਼ੋ ਸਾਧ ਸੰਗਤ ਜੀ ਦੋ ਦਸੰਬਰ ਨੂੰ ਜੋ ਸ਼੍ਰੀ ਅਕਾਲ ਤਖਤ ਸਾਹਿਬ ਤੋਂ ਇਤਿਹਾਸਿਕ ਫੈਸਲੇ ਹੋਏ ਆ ਅੱਜ ਦੇ ਸਮੇਂ ਦੇ ਵਿੱਚ ਸਭ ਤੋਂ ਯੋਗ ਫੈਸਲੇ ਸੀ ਅਸੀਂ ਸਾਰੇ ਮਹਿਸੂਸ ਤਾਂ ਕਰਦੇ ਸੀ ਕਿ ਕਿਸੇ ਨਾ ਕਿਸੇ ਤਰ੍ਹਾਂ ਪੰਜਾਬ ਦੇ ਵਿੱਚ ਜੋ ਸਾਡੇ ਹੀ ਸਿੱਖਾਂ ਵੱਲੋਂ ਸਾਡੇ ਹੀ ਸਿੱਖਾਂ ਦੇ ਉੱਤੇ ਅੱਤਿਆਚਾਰ ਕੀਤੇ ਗਏ ਪੰਜਾਬ ਦੀ ਉਸ ਜਮੀਨ ਤੇ ਗੁਰੂ ਸਾਹਿਬਾਨਾਂ ਦੀ ਧਰਤੀ ਦੇ ਉੱਤੇ ਅਕਾਲੀ ਰੂਪ ਦੇ ਵਿੱਚ ਨੀਲੀਆਂ ਪੱਗਾਂ ਤੇ ਉੱਪਰ ਦੀ ਕਿਰਪਾਨਾਂ ਤੇ ਗਲ ਚੋਲੇ ਤੇ ਉਹਨਾਂ ਵੱਲੋਂ ਹੀ ਆਪਣੇ ਲੋਕਾਂ ਤੇ ਘਾਣ ਕੀਤਾ ਗਿਆ ਹੈ ਕਿਸੇ ਨੂੰ ਵੀ ਬਰਦਾਸ਼ਤ ਨਹੀਂ ਸੀ ਪਰ ਜੇਕਰ ਇਕਾ ਦੁਕਾ ਬੰਦੇ ਬੋਲਦੇ ਵੀ ਸੀ ਜਾਂ ਪੰਜਾਬ ਦੇ ਵਿੱਚ ਵੀ ਕੋਈ ਬੋਲਿਆ ਤੇ ਉਹਨੂੰ ਦਬੋਚਿਆ ਗਿਆ ਛੇਵੇਂ ਪਾਤਸ਼ਾਹ ਸ੍ਰੀ ਹਰਗੋਬਿੰਦ ਸਾਹਿਬ ਪਾਤਸ਼ਾਹ ਜੀ ਦੇ ਰਚਨਾ ਕੀਤੇ ਹੋਏ ਅਕਾਲ ਤਖਤ ਸਾਹਿਬ ਦੀ ਫਸੀਲ ਤੋਂ ਜੋ ਸਿੰਘ ਸਾਹਿਬਾਨਾਂ ਦੇ ਫੈਸਲੇ ਸੀ ਉਸ ਦਿਨ ਸੁਣਨ ਯੋਗ ਸਨ ਉਹ ਪੁਰਾਤਨ ਸਿੱਖਾਂ ਵੱਲੋਂ ਜਿਸ ਤਰ੍ਹਾਂ ਆਪਣੇ ਰਾਜ ਸਮੇਂ ਸਾਡੇ ਰਾਜਿਆਂ ਨੂੰ ਮਹਾਰਾਜਿਆਂ ਨੂੰ ਉਥੋਂ ਤਨਖਾਹਾਂ ਲਾਈਆਂ ਗਈਆਂ ਇਸੇ ਤਰ੍ਹਾਂ ਹੀ ਉਸ ਤਖਤ ਸਾਹਿਬ ਤੋਂ ਤਨਖਾਹ ਲਾਈ ਗਈ ਪਰ ਬਹੁਤ ਮਕਰ ਲੋਕ ਜਿਹਨਾਂ ਨੇ ਉਸ ਸਮੇਂ ਤਾਂ ਸਭ ਕੁਝ ਮੰਨਣ ਲਈ ਤਿਆਰ ਹੋ ਗਏ ਕਿਉਂਕਿ ਉਹਨਾਂ ਦਾ ਕੇਵਲ ਤੇ ਕੇਵਲ ਪੰਜਾਬ ਦੀ ਰਾਜਨੀਤਿਕ ਸਜ਼ਾ ਦੇ ਵਿੱਚ ਹੀ ਸੁਤੰਤਰ ਹੋ ਕੇ ਵਿਚਰਨਾ ਹੈ ਅੱਜ ਜੇਕਰ ਪੰਜਾਬ ਦੇ ਪਿੰਡਾਂ ਦੇ ਵਿੱਚੋਂ ਅਕਾਲੀ ਦਲ ਬਾਦਲ ਦਾ ਵਿਰੋਧਤਾ ਉੱਥੇ ਪੰਥਕ ਸਫਾਂ ਦੇ ਵਿੱਚ ਉਹ ਨਾਮ ਮਾਤਰ ਹੋ ਗਿਆ ਹੈ। ਤੁਸੀਂ ਦੇਖਦੇ ਹੋ ਕਿ ਕਿਸ ਤਰ੍ਹਾਂ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ ਹੁਣਾਂ ਦੀ ਜਿਹੜੀ ਆ ਕਿਰਦਾਰ ਕੁਸ਼ੀ ਕਰਕੇ ਉਹਨਾਂ ਨੂੰ ਤਖਤ ਸ੍ਰੀ ਦਮਦਮਾ ਸਾਹਿਬ ਦੇ ਸੇਵਾ ਤੋਂ ਬਰਖਾਸਤ ਕੀਤਾ ਗਿਆ ਇਹ ਸਭ ਕੁਝ ਇੱਕ ਰਾਜਨੀਤਿਕ ਵਰਤਾਰਾ ਹੈ ਜਿਹੜੇ ਕਿ ਲੋਕ ਇਹ ਸਮਝਦੇ ਹਨ ਕਿ ਸਾਨੂੰ ਇਸ ਸਮੇਂ ਜਾਗਣ ਦੀ ਲੋੜ ਹੈ ਸਾਡਾ ਫਰਜ਼ ਬਣਦਾ ਤੇ ਸ਼੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਵੀਰ ਸਿੰਘ ਜੀ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਅਸੀਂ ਸੱਚ ਦੀ ਦ੍ਰਿੜਤਾ ਦੇ ਨਾਲ ਉਹਦੇ ਉੱਤੇ ਪਹਿਰਾ ਦਈਏ ਪਰ ਬਹੁਤ ਸਾਰੇ ਲੋਕ ਅਜੇ ਵੀ ਸੁੱਤੇ ਹੋਏ ਹਨ ਅਜੇ ਵੀ ਦੇਖ ਰਹੇ ਹਨ ਕਿ ਸ਼੍ਰੋਮਣੀ ਅਕਾਲੀ ਦਲ ਦੀ ਜਿਹੜੀ ਪ੍ਰਧਾਨਗੀ ਆ ਉਹ ਸੁਖਬੀਰ ਸਿੰਘ ਬਾਦਲ ਦੇ ਕੋਲ ਹੋਵੇ ਉਹਨਾਂ ਲੋਕਾਂ ਦਾ ਚਾਪਲੂਸਾਂ ਦੇ ਜਿਹੜਾ ਸ਼ਬਦ ਆਉਂਦਾ ਪੰਜਾਬੀ ਦਾ ਸੁਧਰਿਆ ਹੋਇਆ ਉਹ ਲੋਕ ਇਹ ਨਹੀਂ ਚਾਹੁੰਦੇ ਕਿ ਪੰਥ ਦੀ ਗੱਲ ਕਿਤੇ ਸੁਤੰਤਰ ਹੋਵੇ ਕਿਤੇ ਸਾਨੂੰ ਸਰਸੇ ਵਾਲੇ ਸਾਧ ਦੇ ਡੇਰੇ ਤੇ ਜਾਣਾ ਪੈਂਦਾ ਕਿਤੇ ਸਾਨੂੰ ਰਾਧਾ ਸੁਆਮੀ ਸਤਸੰਗ ਬਿਆਸ ਉਹਨਾਂ ਦੇ ਮੁਖੀ ਨੂੰ ਮੂਹਰੇ ਲਿਆ ਕੇ ਸਾਨੂੰ ਆਪਣੀਆਂ ਖੁਸ਼ੀਆਂ ਗਮੀਆਂ ਦੇ ਵਿੱਚ ਰੱਖਣਾ ਪੈਂਦਾ ਅੱਜ ਤੁਸੀਂ ਮੋਹਰੇ ਬਣਾ ਕੇ ਪੰਥ ਦੀ ਢਾਲ ਬਣਾਉਣਾ ਤੇ ਤੁਸੀਂ ਉਹਨਾਂ ਦੇ ਗੁਰੂ ਘਰਾਂ ਦੇ ਵਿੱਚ ਜਾਂ ਉਹਨਾਂ ਦੀਆਂ ਪਖੰਡ ਦੀਆਂ ਦੁਕਾਨਾਂ ਦੇ ਵਿੱਚ ਉੱਥੇ ਜਾ ਕੇ ਪ੍ਰਧਾਨਗੀਆਂ ਕਰੋ ਤੁਸੀਂ ਉੱਥੇ ਜਾ ਕੇ ਉਹਨਾਂ ਦੀਆਂ ਜੋ ਕਮੇਟੀਆਂ ਬਣਾਈਆਂ ਤੁਸੀਂ ਉਹਨਾਂ ਦੇ ਮੈਂਬਰ ਬਣੋ ਸੋ ਅੱਜ ਮੈਂ ਗੁਰਦੁਆਰਾ ਸਾਹਿਬ ਤੋਂ ਸਮੁੱਚੀ ਸੰਗਤ ਦੇ ਰੂਪ ਦੇ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜੇ ਹਾਂ ਪਿਛਲੇ ਸਮੇਂ ਦਰਮਿਆਨ ਉਹ ਇੱਥੇ ਆਏ ਸਨ ਬਹੁਤ ਸਾਰੀ ਸੰਗਤ ਨੂੰ ਪਤਾ ਹੈ ਕਿ ਸ਼੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਵੀਰ ਸਿੰਘ ਜੀ ਹੁਣਾਂ ਦੇ ਜਿਹੜੇ ਸਪੁੱਤਰ ਆ ਉਹ ਲੈਸਟਰ ਵਿੱਚ ਰਹਿੰਦੇ ਹਨ ਉਹ ਆਪਣੇ ਨਿੱਜੀ ਤੌਰ ਤੇ ਆਏ ਸਨ ਪਰ ਫਿਰ ਵੀ ਅਸੀਂ ਉਹਨਾਂ ਤੋਂ ਸਮਾਂ ਮੰਗ ਕੇ ਕੁਝ ਕੁ ਮੋਹਤਬਾਰ ਸਿੰਘਾਂ ਨੇ ਗੁਰਦੁਆਰਾ ਪ੍ਰਬੰਧਕ ਸਾਹਿਬਾਨਾਂ ਦੇ ਨੇ ਉਹਨਾਂ ਦੇ ਨਾਲ ਮੀਟਿੰਗ ਕੀਤੀ ਉਹਨਾਂ ਨੇ ਬੜੇ ਠਰਮੇ ਤੇ ਸਹਿਜ ਦੇ ਨਾਲ ਜਵਾਬ ਦਿੱਤਾ ਕਿ ਤੁਸੀਂ ਹਮੇਸ਼ਾ ਅਰਦਾਸ ਕਰੋ ਤੁਸੀਂ ਇਹ ਸੱਚੇ ਪਾਤਸ਼ਾਹ ਜੀ ਦੇ ਅੱਗੇ ਬੇਨਤੀ ਕਰੋ ਕਿ ਅਸੀਂ ਉਸ ਸੇਵਾ ਦੇ ਵਿੱਚ ਇੱਕ ਯੋਗ ਅਗਵਾਈ ਕਰਕੇ ਸਿੱਖ ਕੌਮ ਦੀ ਅਗਵਾਈ ਕਰੀਏ ਸੋ ਇਸੇ ਤਰ੍ਹਾਂ ਕੱਲ ਦੀ ਗੱਲ ਹੈ ਕਿ ਉਹਨਾਂ ਨੇ ਜਿਹੜੀ ਆ ਸੱਤ ਮੈਂਬਰੀ ਕਮੇਟੀ ਸੀ ਉਸ ਤੋਂ ਬਾਅਦ ਦੇ ਵਿੱਚ ਪੰਜ ਮੈਂਬਰ ਰਹਿ ਗਈ ਹੈ ਨੇ ਉਹਨਾਂ ਨੂੰ ਜਿਹੜੀ ਸ਼੍ਰੋਮਣੀ ਅਕਾਲੀ ਦਲ ਦੀ ਨਵੀਂ ਭਰਤੀ ਕਰਨ ਉਹ ਵੀ ਆਦੇਸ਼ ਦਿੱਤੇ ਗਏ ਹਨ। ਸੋ ਇਸ ਦਾ ਮਤਲਬ ਇਹੀ ਹੈ ਕਿ ਅੱਜ ਆਪਾਂ ਸਾਰੇ ਸਮਝਦੇ ਸੀ ਕਿ ਜਥੇਦਾਰ ਹਰਜਿੰਦਰ ਸਿੰਘ ਜੀ ਧਾਮੀ ਐਡਵੋਕੇਟ ਨੇ ਸਿੱਖ ਪੰਥ ਦੇ ਉੱਘੇ ਵਕੀਲ ਨੇ ਪੜ੍ਹੇ ਲਿਖੇ ਨੇ ਪਰ ਸਾਧ ਸੰਗਤ ਜੀ ਜਦੋਂ ਕਿਤੇ ਗੱਲਬਾਤ ਆਉਂਦੀ ਹੈ ਤੁਹਾਡੇ ਉੱਤੇ ਜਦੋਂ ਕੋਈ ਵਜਨ ਪੈਂਦਾ ਵਾ ਤੇ ਤੁਸੀਂ ਉਸ ਵਜਨ ਨੂੰ ਝੱਲਦਿਆਂ ਹੋਇਆਂ ਆਪਣੇ ਅਹੁਦੇ ਦੀ ਜਿਹੜੀ ਵਰਤੋਂ ਆ ਉਹ ਕਿਸ ਤਰ੍ਹਾਂ ਕਰਦੇ ਆ ਚਾਹੀਦਾ ਤੇ ਇਹ ਸੀ ਕਿ ਜਿਸ ਦਿਨ ਹਰਪ੍ਰੀਤ ਸਿੰਘ ਜੀ ਹੁਣਾਂ ਦੀ ਬਰਖ਼ਾਸਤੀ ਹੋਈ ਆ ਉਸ ਦਿਨ ਹੀ ਇਹ ਯਤਨ ਕੀਤਾ ਜਾਂਦਾ ਕਿ ਪੰਜਾਬ ਦੇ ਸਿਆਸੀ ਜਿਹੜੇ ਹਾਲਾਤ ਆ ਉਹਨਾਂ ਦੇ ਪੋਲੀਟੀਕਲ ਲੋਕਾਂ ਦੇ ਅਧੀਨ ਹੀ ਇਹ ਸਾਰਾ ਫੈਸਲਾ ਕੀਤਾ ਗਿਆ ਪਰ ਨਹੀਂ ਉਹਨਾਂ ਨੇ ਥੋੜੀ ਜਿਹੀ ਬਚਕਾਨਾ ਕਾਰਵਾਈ ਕੀਤੀ ਅਸੀਂ ਫਿਰ ਵੀ ਅਰਦਾਸ ਕਰਦੇ ਮਹਾਰਾਜ ਕਿਰਪਾ ਕਰਿਓ ਇਹਨਾਂ ਸਿੱਖਾਂ ਤੇ ਮਿਹਰ ਭਰਿਆ ਹੱਥ ਰੱਖਿਓ ਚਲਾਣਾ ਤਾਂ ਫਿਰ ਉਹਨਾਂ ਨੇ ਹੀ ਆ ਪਰ ਫਿਰ ਵੀ ਅੱਜ ਦੇ ਇਕੱਠ ਦੇ ਵਿੱਚ ਸਾਰੇ ਸਿੰਘਾਂ ਨੂੰ ਮੈਂ ਬੇਨਤੀ ਵੀ ਕਰਦਾ ਕਿ ਵਿਸ਼ਵ ਭਰ ਦੇ ਸਿੱਖਾਂ ਦੀ ਜੋ ਸ਼ਮੂਲੀਅਤ ਹੈ ਜੋ ਸ੍ਰੀ ਅਕਾਲ ਤਖਤ ਸਾਹਿਬ ਤੋਂ ਲੈ ਗਏ ਫੈਸਲੇ ਆ ਉਹਨਾਂ ਦੇ ਵਿੱਚ ਸਮੁੱਚੀਆਂ ਸਿੱਖ ਸੰਸਥਾਵਾਂ ਜਾਂ ਸਿੱਖਾਂ ਦਾ ਪੂਰਨ ਯੋਗ ਯੋਗਦਾਨ ਹੋਣਾ ਚਾਹੀਦਾ ਜਿਸ ਦੇ ਨਾਲ ਜਿਹੜੇ ਫੈਸਲੇ ਅੱਜ ਸੁਖਬੀਰ ਬਾਦਲ ਉਹਨਾਂ ਫੈਸਲਿਆਂ ਨੂੰ ਮੰਨਣ ਤੋਂ ਪੂਰਾ ਇਨਕਾਰੀ ਆ ਤੇ ਜੇਕਰ ਅੱਜ ਇਨਕਾਰੀ ਆ ਤੇ ਜੇ ਉਹ ਨਾਲ ਦੇ ਕਹਿ ਰਹੇ ਨੇ ਕਿ ਨਹੀਂ ਅਸੀਂ ਮੰਨਣਾ ਹੀ ਇਸ ਨੂੰ ਆ ਸਾਡੇ ਹੱਥ ਵੱਸ ਕੀ ਰਹਿ ਜਾਂਦਾ ਵਾ ਸਾਡਾ ਇਹ ਫਰਜ਼ ਬਣਦਾ ਕਿ ਸਿੱਖ ਕੌਮ ਕਿਸੇ ਇੱਕ ਬੰਦੇ ਦੇ ਅਧੀਨ ਨਹੀਂ ਇਹ ਸਮੁੱਚੀ ਕੌਮ ਪੰਜਾਂ ਸਿੰਘਾਂ ਦੇ ਆਦੇਸ਼ ਮੰਨਦੀ ਹੈ ਪੰਜਾਂ ਸਿੰਘਾਂ ਦੀ ਗੱਲ ਮੰਨਦੀ ਹੈ ਪਰ ਫਿਰ ਵੀ ਪਿਛਲੇ ਲੰਬੇ ਸਮੇਂ ਤੋਂ ਜਿੱਥੇ ਇੱਕ ਪਰਿਵਾਰਕ ਗਲਬਾ ਪਿਆ ਹੋਇਆ ਵਾ ਤੇ ਸਮੇਂ ਸਮੇਂ ਤੇ ਤੁਸੀਂ ਇਸ ਚੀਜ਼ ਦਾ ਵਿਰੋਧ ਕੀਤਾ ਵੀ ਆ ਪਰ ਅੱਜ ਸਮਾਂ ਵਾ ਸਾਨੂੰ ਸਾਰਿਆਂ ਨੂੰ ਇੱਕਮੁੱਠ ਹੋ ਕੇ ਇੱਕ ਜੁੱਟ ਹੋ ਕੇ ਸ਼੍ਰੀ ਅਕਾਲ ਤਖਤ ਸਾਹਿਬ ਦਾ ਸਾਥ ਦੇਣਾ ਚਾਹੀਦਾ ਮੇਰੇ ਤੋਂ ਬੋਲਦਿਆਂ ਕਿਸੇ ਤਰ੍ਹਾਂ ਦੀ ਗਲਤੀ ਹੋ ਗਈ ਹੋਵੇ ਮਾਫ ਕਰਨਾ ਇੱਕ ਜਿਹੜੀ ਮੈਂ ਗੱਲ ਰਹਿ ਗਈ ਆ ਉਹਨੂੰ ਗੱਲ ਇਹ ਹ ਵੀ ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਦੀ ਨਿਕਟਵਰਤੀ ਜਿਹੜੇ ਸਿੰਘ ਸਨ ਬਹੁਤ ਸਾਰੇ ਉਹਨਾਂ ਦੇ ਵਿੱਚੋਂ ਵਿਰਸਾ ਸਿੰਘ ਜੀ ਵਲਟੋਹਾ ਜਾਂ ਹੋਰ ਇਸ ਤਰ੍ਹਾਂ ਦੇ ਸਿੰਘ ਸਨ ਜਿਨਾਂ ਦਾ ਅੱਜ ਕੱਲ ਵੀ ਸੰਤਾਂ ਦੇ ਨਾਲ ਰਹਿੰਦੇ ਸੀ ਮਹਾਰਾਜ ਦਾ ਪਵਿੱਤਰ ਫਰਮਾਣਾ ਕਹਿੰਦੇ ਮੈਂ ਲਗਰ ਸੰਗੇਣ ਨਿਮ ਬਿਰਖ ਸੇ ਚੰਦਨੇ ਨਿਕਟ ਬਸੰਤੋ ਬਾਂਸੋ ਨਾਨਕ ਅਹੰ ਬੁਧ ਨ ਬੋਲਤੇ ਕਹਿੰਦੇ ਨਿਮ ਦਾ ਬਿਰਖ ਤਾਂ ਚੰਦਨ ਦੇ ਲਾਗੇ ਜੇ ਰਹਿੰਦਾ ਹੈ ਤੇ ਉਹ ਚੰਦਨ ਹੋ ਜਾਂਦਾ ਹੈ ਪਰ ਜਿਹੜਾ ਬਾਂਸ ਆ ਉਹਦੀ ਧੌਣ ਸਿੱਧੀ ਨਹੀਂ ਹੁੰਦੀ ਉਹ ਆਕੜ ਦੇ ਵਿੱਚ ਹੀ ਸਦਾ ਜਿਹੜਾ ਉਹ ਚੰਦਨ ਦੀ ਮਹਿਕ ਤੋਂ ਦੂਰ ਰਹਿੰਦਾ ਹੈ ਉਹਦੇ ਵਿੱਚ ਆਉਂਦੀ ਨਹੀਂ ਇਹਨਾਂ ਬੰਦਿਆਂ ਦੇ ਸੰਤਾਂ ਦੇ ਨਾਲ ਰਹਿ ਕੇ ਵੀ ਇਹਨਾਂ ਨੂੰ ਕੋਈ ਨਿਮਰਤਾ ਇਹਨਾਂ ਨੂੰ ਕੋਈ ਸਹਿਣਸ਼ੀਲਤਾ ਇਹਨਾਂ ਨੂੰ ਕੋਈ ਪ੍ਰੇਮ ਭਾਵਨਾ ਸਿੱਖੀ ਦੀਆਂ ਮੁਢਲੀਆਂ ਕਦਰਾਂ ਕੀਮਤਾਂ ਦੀ ਕੋਈ ਕਦਰ ਨਹੀਂ

ਅੱਜ ਜਿਸ ਤਰ੍ਹਾਂ ਦੀ ਕਿਰਦਾਰ ਕੁਸ਼ੀ ਜਿਸ ਤਰ੍ਹਾਂ ਦੇ ਇਲਜ਼ਾਮ ਇੱਕ ਆਮ ਸਿੱਖ ਵੀ ਅਸੀਂ ਇੱਕ ਦੂਸਰੇ ਤੇ ਲਾਉਣ ਤੋਂ ਗਰੇਜ ਕਰਦੇ ਆਂ ਪਰ ਸਾਨੂੰ ਇਸ ਗੱਲ ਦਾ ਮਾਣ ਹੋਣਾ ਚਾਹੀਦਾ ਕਿ ਅਸੀਂ ਗੁਰੂ ਸਾਹਿਬ ਦੇ ਆਖਰ ਸਿੱਖ ਹਾਂ ਜੇਕਰ ਵਿਰੋਧਤਾ ਹੈ ਤੇ ਉਹ ਸੰਕੋਚ ਮੇ ਸ਼ਬਦਾਂ ਦੇ ਵਿੱਚ ਜਾਂ ਚੰਗੇ ਸ਼ਬਦਾਂ ਵਿੱਚ ਵੀ ਅਸੀਂ ਕਰ ਸਕਦੇ ਹਾਂ ਆਓ ਆਪਣਾ ਪੰਥ ਖਾਲਸਾ ਪੰਥ ਆਪਾਂ ਇਸਦੇ ਵਿੱਚ ਆਪਣਾ ਬਣਦਾ ਯੋਗਦਾਨ ਪਾਈਏ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਫਤਹਿ

## ਈਡਬਲਯੂਐਸ ਵਿਦਿਆਰਥੀਆਂ ਲਈ ਨਵੀਂ ਉਮੀਦ, ਡਾ. ਰਾਜੂ ਨੇ ਪ੍ਰਾਈਵੇਟ ਸਕੂਲਾਂ ਵਿੱਚ ਰਾਖਵੇਂਕਰਨ ਬਾਰੇ ਜਾਗਰੂਕਤਾ ਮੁਹਿੰਮ ਦਾ ਕੀਤਾ ਐਲਾਨ, ਉਲੰਘਣਾ ਦੀ ਰਿਪੋਰਟ ਕਰਨ ਲਈ ਹੈਲਪਲਾਈਨ ਕੀਤੀ ਸ਼ੁਰੂ




**ਅੰਮ੍ਰਿਤਸਰ 3 ਮਾਰਚ (ਆਵਾਜ਼ਿ ਕੌਮ ਬਿਊਰੋ)**-ਡਾ. ਜਗਮੋਹਨ ਸਿੰਘ ਰਾਜੂ, ਜਿਨ੍ਹਾਂ ਦੀ ਅਣਥੱਕ ਕੋਸ਼ਿਸ਼ਾਂ ਕਾਰਨ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸਿੱਖਿਆ ਦਾ ਅਧਿਕਾਰ (ਆਰ.ਟੀ.ਈ.) ਐਕਟ, 2009 ਨੂੰ ਲਾਗੂ ਕਰਨ ਦਾ ਇਤਿਹਾਸਕ ਫੈਸਲਾ ਸੁਣਾਇਆ, ਨੇ ਹੁਣ ਸੰਭਾਵੀ ਲਾਭਪਾਤਰੀਆਂ ਤੱਕ ਪਹੁੰਚਣ ਲਈ ਇੱਕ ਜਾਗਰੂਕਤਾ ਮੁਹਿੰਮ ਦਾ ਐਲਾਨ ਕੀਤਾ ਹੈ। ਅਦਾਲਤ ਨੇ ਪੰਜਾਬ ਦੇ ਸਾਰੇ ਨਿੱਜੀ ਗੈਰ-ਸਹਾਇਤਾ ਪ੍ਰਾਪਤ ਸਕੂਲਾਂ ਨੂੰ ਹੁਕਮ ਦਿੱਤਾ ਹੈ ਕਿ ਉਹ ਪਹਿਲੀ ਜਮਾਤ ਵਿੱਚ 25% ਸੀਟਾਂ ਕਮਜ਼ੋਰ ਵਰਗ ਦੇ ਬੱਚਿਆਂ ਲਈ ਰਿਜ਼ਰਵੇਸ਼ਨ ਰੱਖਣ ਤਾਂ ਜੋ ਉਨ੍ਹਾਂ ਦੇ ਮੁਫ਼ਤ ਅਤੇ ਗੁਣਵੱਤਾ ਵਾਲੀ ਸਿੱਖਿਆ ਦੇ ਮੌਲਿਕ ਅਧਿਕਾਰ ਨੂੰ ਯਕੀਨੀ ਬਣਾਇਆ ਜਾ ਸਕੇ ਡਾ. ਜਗਮੋਹਨ ਸਿੰਘ ਰਾਜੂ, ਆਈਏਐਸ (ਸੇਵਾਮੁਕਤ), ਚੇਅਰਮੈਨ, ਕੇ ਐਸ ਰਾਜੂ ਲੀਗਲ ਟਰੱਸਟ ਨੇ ਹੁਸ਼ਿਆਰਪੁਰ 'ਚ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ, ਇਹ ਯਕੀਨੀ ਬਣਾਉਣ ਲਈ ਇੱਕ ਵਿਆਪਕ ਰਣਨੀਤੀ ਦੀ ਰੂਪਰੇਖਾ ਦਿੱਤੀ ਕਿ ਈਡਬਲਯੂਐਸ ਸ਼੍ਰੇਣੀ ਦੇ ਹਰੇਕ ਯੋਗ ਬੱਚੇ ਨੂੰ ਆਰਟੀਈ ਐਕਟ 2009 ਦੇ ਤਹਿਤ ਦਾਖਲਾ ਮਿਲੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਜੇਕਰ ਪੰਜਾਬ ਦੇ ਪ੍ਰਾਈਵੇਟ ਸਕੂਲ ਪਹਿਲੀ ਜਮਾਤ ਵਿੱਚ ਕਿਸੇ ਵੀ ਬੱਚੇ ਨੂੰ ਦਾਖਲਾ ਦੇਣ ਤੋਂ ਇਨਕਾਰ ਕਰਦੇ ਹਨ, ਤਾਂ ਮਾਪੇ ਹੈਲਪਲਾਈਨ ਨਾਲ ਵਟਸਐਪ 8872698208, 9988020242 'ਤੇ ਜਾਂ ksrajulegal'gmail.com 'ਤੇ ਈਮੇਲ ਕਰਕੇ ਸੰਪਰਕ ਕਰ ਸਕਦੇ ਹਨ ਉਨ੍ਹਾਂ ਭਰੋਸਾ ਦਿੱਤਾ ਕਿ ਇਨ੍ਹਾਂ ਮੁੱਦਿਆਂ ਦੀ ਰਿਪੋਰਟ 27 ਮਾਰਚ, 2025 ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੂੰ ਦਿੱਤੀ ਜਾਵੇਗੀ ਐਸਸੀ,ਓਬੀਸੀ, ਜਰਨਲ ਆਰਥਕ ਪੱਖੋ ਕਮਜੋਰ ਵਰਗ ਦੇ ਬਚਆਿਂ ਇਸ ਸਕੀਮ ਲਈ ਯੋਗ ਹੋਣਗੇ। ਨਰਸਰੀ, ਐਲਕੇਜੀ, ਯੂਕੇਜੀ ਜਾਂ ਪਹਲਿੀ ਕਲਾਸ ਤੋਂ ਲੈ ਕੇ ਅੱਠਵੀ ਜਮਾਤ ਤਕ ਸਾਰੀ ਪੜ੍ਹਾਈ ਮੁੱਫਤ ਹੋਵੇਗੀ। ਇੱਛੁਕ ਬੱਚੇ 1.3 ਕਲਿੋਮੀਟਰ ਦੇ ਦਾਇਰੇ ਦੇ ਕੋਈ ਵੀ ਪ੍ਰਾਈਵੇਟ ਸਕੂਲ ਦਾ ਲਾਭ ਲੈ ਸਕਦੇ ਹਨ ਜਸਿ ਵਚਿ ਫੀਸ ਸਰਕਾਰ ਵਲੋਂ ਅਦਾ ਕੀਤੀ ਜਾਵੇਗੀ। ਰਜਿਰਵੇਸ਼ਨ 'ਚ 12.5 ਫੀਸਦੀ ਵਚਿ ਕਸਿ ਧਰਮ ਦੇ ਜਰਨਲ ਆਰਥਕਿ ਪੱਖੋਂ ਕਮਜੋਰ ਦੀ ਗਣਿਤੀ ਹੈ ਜਦਕ ਅਿਨੁਸੂਚਤਿ ਜਾਤੀ 'ਚ ਪੰਜ ਫੀਸਦੀ ਅਤੇ ਪੰਜ ਫੀਸਦੀ ਹੀ ਬੀਸੀ/ਓਬੀਸੀ ਦੇ ਲਾਭਾਰਥੀ ਹਨ। ਜੰਗ ਵਚਿ ਸ਼ਹੀਦ ਹੋਏ ਫੌਜੀ ਵੀਰਾਂ ਦੀ ਆਂ ਵਧਿਵਾਵਾਂ ਦੇ ਬਚਆਿਂ ਅਤੇ ਬੇਸਹਾਰਾ ਮਾਪਆਿਂ ਦੇ ਬੱਚੇ ਲਈ 1.25-1.25 ਦਾ ਰਜਿਰਵੇਸ਼ਨ ਰਖਆਿ ਗਆਿ ਹੈ। ਜਾਰੀ ਹੇਲ਼ਪਲਾਇਨ ਰਾਹੀਂ ਸਕੂਲ ਦੁਆਰਾ ਦਾਖਲੇ ਤੋਂ ਇਨਕਾਰ ਕਰਨ ਦੀ ਸਥਤਿੀ ਵਚਿ ਸ਼ਿਕਾਇਤਕਰਤਾ ਸਕੂਲ ਦਾ ਨਾਮ, ਪਤਾ, ਕਸਿਨੇ ਇਨਕਾਰ ਕੀਤਾ, ਸਕੂਲ਼ ਜਾਣ ਦੀ ਮਤਿੀ, ਬੱਚੇ ਦੇ ਮਾਪਆਿਂ ਦਾ ਵਵਿਰਣ ਤੇ ਪਤਾ ਦੇ ਨਾਲ ਸਕੂਲ ਦੇ ਬਾਹਰ ਇਕ ਸੇਲਫੀ ਖੱਚ ਦੇ ਸਾਰੀ ਜਾਣਕਾਰੀ ਦੱਤੇ ਨੰਬਰ ਤੇ ਭੇਜ ਸਕਦਾ ਹੈ।

ਡਾ. ਰਾਜੂ ਨੇ ਸਥਾਨਕ ਗੈਰ-ਸਰਕਾਰੀ ਸੰਗਠਨਾਂ ਨਾਲ ਸਾਂਝੇਦਾਰੀ ਵਿੱਚ ਆਯੋਜਿਤ ਆਊਟਰੀਚ ਪ੍ਰੋਗਰਾਮਾਂ ਅਤੇ ਵਿਦਿਅਕ ਸੰਸਥਾਵਾਂ ਨਾਲ ਸਰਗਰਮ ਸ਼ਮੂਲੀਅਤ ਰਾਹੀਂ ਪੇਂਡੂ ਅਤੇ ਸ਼ਹਿਰੀ ਦੋਵਾਂ ਲਾਭਪਾਤਰੀ ਤੱਕ ਪਹੁੰਚਣ ਦੀ ਮਹੱਤਤਾ 'ਤੇ ਚਾਨਣਾ ਪਾਇਆ। ਉਨ੍ਹਾਂ ਨੇ ਐਕਟ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਪ੍ਰਾਈਵੇਟ ਸਕੂਲਾਂ ਦੀ ਨਿਰੰਤਰ ਨਿਗਰਾਨੀ ਦੀ ਲੋੜ 'ਤੇ ਜ਼ੋਰ ਦਿੱਤਾ।

## ਪ੍ਰਿੰਸੀਪਲ ਜਸਵਿੰਦਰ ਕੌਰ ਭਾਟੀਆ ਨੇ ਬੱਚਿਆਂ ਨੂੰ ਆਸ਼ੀਰਵਾਦ ਦਿੱਤਾ ਅਤੇ ਵਧੀਆ ਸਿਖਿਆਰਥੀ ਬਣਨ ਲਈ ਪ੍ਰੇਰਿਤ ਕੀਤਾ



**ਨਵੀਂ ਦਿੱਲੀ, 3 ਮਾਰਚ (ਆਵਾਜ਼ਿ ਕੌਮ ਬਿਊਰੋ)**-ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਨਾਨਕ ਪਿਆਓ ਦੇ ਪ੍ਰੀ-ਪ੍ਰਾਇਮਰੀ ਵਿੰਗ ਵੱਲੋਂ ਨਰਸਰੀ ਗ੍ਰੈਜੂਏਸ਼ਨ ਦਿਵਸ, ਜਿਸ ਦੀ ਥੀਮ 'ਫੁਲਵਾੜੀ' ਸੀ, ਬਹੁਤ ਹੀ ਉੱਤਸ਼ਾਹ ਨਾਲ ਮਨਾਇਆ ਗਿਆ।ਇਸ ਮੌਕੇ ਪ੍ਰਿੰਸੀਪਲ ਜਸਵਿੰਦਰ ਕੌਰ ਭਾਟੀਆ ਨੇ ਆਏ ਹੋਏ ਮਹਿਮਾਨਾਂ ਅੰਮ੍ਰਿਤਪਾਲ ਸਿੰਘ ਵਿੱਕੀ ਪਾਲਕੋ (ਚੇਅਰਮੈਨ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਨਾਨਕ ਪਿਆਓ) ਅਤੇ ਸਕੂਲ ਪ੍ਰਬੰਧਕ ਕਮੇਟੀ ਦੇ ਹੋਰ ਮੈਂਬਰਾਂ ਦਾ ਸਵਾਗਤ ਕੀਤਾ।ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਨਾਨਕ ਪਿਆਓ ਵੱਲੋਂ ਇੱਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸ ਦੀ ਸ਼ੁਰੂਆਤ ਗੁਰਬਾਣੀ ਦੇ ਸ਼ਬਦ ਨਾਲ ਕੀਤੀ ਗਈ। ਇਸ ਮੌਕੇ ਕੇ.ਜੀ. ਅਤੇ ਨਰਸਰੀ ਕਲਾਸ ਦੇ ਵਿਦਿਆਰਥੀਆਂ ਵੱਲੋਂ ਸੁਆਗਤੀ ਗੀਤ ਵੀ ਪੇਸ਼ ਕੀਤਾ ਗਿਆ। ਇਸ ਮਗਰੋਂ ਹੋਈ ਡਾਂਸ ਦੀ ਪੇਸ਼ਕਾਰੀ ਨੇ ਹਰ ਕਿਸੇ ਨੂੰ ਆਪਣੀ ਜ਼ਿੰਦਾਦਿਲੀ ਦੀ ਧੜਕਣ 'ਤੇ ਝੂਮਣ ਲਈ ਪ੍ਰੇਰਿਤ ਕੀਤਾ।ਕਹਾਣੀ 'ਦ ਪਾਈਡ ਪਾਈਪਰ ਆਫ਼ ਹੈਮਲਿਨ' ਦੀ ਸ਼ਾਨਦਾਰ ਪ੍ਰਦਰਸ਼ਨੀ ਹੋਈ। ਇਸ ਤੋਂ ਬਾਅਦ ਜਸ਼ਨ ਦਾ ਸਭ ਤੋਂ ਵੱਧ ਉਡੀਕਿਆ ਜਾਣ ਵਾਲਾ ਹਿੱਸਾ ਆਇਆ ਜਿੱਥੇ ਕੇ.ਜੀ. ਅਤੇ ਨਰਸਰੀ ਦੇ ਵਿਦਿਆਰਥੀ ਆਪਣੇ ਕਨਵੋਕੇਸ਼ਨ ਸਮਾਰੋਹ ਲਈ ਸਟੇਜ 'ਤੇ ਪਹੁੰਚੇ।ਉਨ੍ਹਾਂ ਦੇ ਮੁਸਕਰਾਉਂਦੇ ਚਿਹਰਿਆਂ ਦਾ ਜ਼ੋਰਦਾਰ ਤਾੜੀਆਂ ਨਾਲ ਸਵਾਗਤ ਕੀਤਾ ਗਿਆ, ਕਿਉਂਕਿ ਉਨ੍ਹਾਂ ਨੂੰ ਮੰਚ 'ਤੇ ਮੈਰਿਟ ਦੇ ਸਰਟੀਫ਼ਿਕੇਟ ਮਿਲੇ ਸਨ। ਪੰਜਾਬੀ ਨਾਟਕ 'ਸੋ ਕਿਉ ਮੰਦਾ ਆਖੀਏ...' ਬਹੁਤ ਹੀ ਪ੍ਰੇਰਨਾਦਾਇਕ ਸੀ, ਜਿਸ ਨੇ ਲਿੰਗ ਸਮਾਨਤਾ ਦਾ ਸੁਨੇਹਾ ਦਿੱਤਾ। ਵਿਦਿਆਰਥੀਆਂ ਦੇ ਮਾਪੇ ਇਹ ਨਾਟਕ ਵੇਖ ਕੇ ਬਹੁਤ ਭਾਵੁਕ ਹੋ ਗਏ ਅਤੇ ਸਭ ਦੀਆਂ ਅੱਖਾਂ ਨਮ ਹੋ ਗਈਆਂ।ਜੋਸ਼ੀਲੇ ਅਤੇ ਰੰਗਾ-ਰੰਗ ਗਿੱਧੇ ਦੀ ਪੇਸ਼ਕਾਰੀ ਅਤੇ ਐਰੋਬਿਕਸ ਪੇਸ਼ਕਾਰੀਆਂ ਦਾ ਵੀ ਦਰਸ਼ਕਾਂ ਨੇ ਭਰਪੂਰ ਆਨੰਦ ਮਾਣਿਆ।ਇਸ ਮੌਕੇ ਪ੍ਰਿੰਸੀਪਲ ਜਸਵਿੰਦਰ ਕੌਰ ਭਾਟੀਆ ਨੇ ਵਿਦਿਆਰਥੀਆਂ ਨੂੰ ਆਸ਼ੀਰਵਾਦ ਦਿੱਤਾ ਅਤੇ ਉਨ੍ਹਾਂ ਨੂੰ ਵਧੀਆ ਸਿਖਿਆਰਥੀ ਬਣਨ ਲਈ ਪ੍ਰੇਰਿਤ ਵੀ ਕੀਤਾ।ਪ੍ਰੋਗਰਾਮ ਦੀ ਸਮਾਪਤੀ ਰਾਸ਼ਟਰ ਗਾਨ ਨਾਲ ਹੋਈ।ਇਹ ਸੱਚਮੁੱਚ ਛੋਟੇ ਬੱਚਿਆਂ ਲਈ ਇੱਕ ਖੁਸ਼ੀ ਭਰਪੂਰ ਅਤੇ ਯਾਦਗਾਰੀ ਦਿਨ ਸੀ, ਕਿਉਂਕਿ ਉਨ੍ਹਾਂ ਨੂੰ ਆਪਣੇ ਗ੍ਰੈਜੂਏਸ਼ਨ ਸਰਟੀਫ਼ਿਕੇਟ ਪ੍ਰਾਪਤ ਹੋਏ ਸਨ।




# Pakistan Gurdwara Yatra

**28th October to 7th November 2025**

**Yatra Includes 25+ Gurudwara Sahib Darshan.**

**Accommodation in hotels and travel within Pakistan and Yatra Start to Finish Point in AC Coaches**

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1050**

Important Note: The Jatha will depart from Jalandhar Punjab from 28th October to 7th November 2025 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1050 pounds including visa, transport, hotel stay and break fast and Dinner.

**Note: It does not include flight ticket and insurance, it has to be done by the passenger himself.**

ਜਰੂਰੀ ਨੋਟ : ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 28 ਅਕਤੂਬਰ ਜਲੰਧਰ ਤੋਂ 7 ਨਵੰਬਰ 2025 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ । ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਅਤੇ ਰਾਤ ਦੇ ਖਾਣੇ ਸਮੇਤ 1050 ਪੌਂਡ ਹੋਵੇਗਾ।

**ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।**

★-- ਗੁਰੂ ਪੰਥ ਦੇ ਸੇਵਾਦਾਰ --★

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

- ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall

+447976210161

- ਭਾਈ ਬਲਜੀਤ ਸਿਘ ਕੰਗ/Bhai Baljit Singh Kang

+44 7780 605230

- ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)

+44 7568 517223

# ਜ਼ਿਲ੍ਹੇ ਵਿੱਚ ਲਾਊਡ ਸਪੀਕਰਾਂ ਦੀ ਵਰਤੋਂ, ਆਰਕੈਸਟਰਾ ਅਤੇ ਦੂਜੇ ਆਵਾਜ਼ੀ ਪ੍ਰਦੂਸ਼ਣ ਪੈਦਾ ਕਰਨ ਵਾਲੇ ਯੰਤਰਾਂ ਸਬੰਧੀ ਦਿਸ਼ਾ ਨਿਰਦੇਸ਼ ਜਾਰੀ

## ਰਾਤ 10 ਵਜੇ ਤੋਂ ਲੈ ਕੇ ਸਵੇਰੇ 6 ਵਜੇ ਤੱਕ ਡੀਜੇ ਬੰਦ ਦੇ ਹੁਕਮ ਜਾਰੀ ਕੀਤੇ

ਸੰਗਰੂਰ, 3 ਮਾਰਚ (ਰਣਜੀਤ ਸਿੰਘ ਪੇਧਨੀ)- ਜ਼ਿਲ੍ਹਾ ਸੰਗਰੂਰ ਵਿੱਚ ਸ਼ੋਰ ਸ਼ਰਾਬਾ ਅਤੇ ਪ੍ਰਦੂਸ਼ਣ ਦੇ ਫਲਸਰੂਪ ਆਮ ਲੋਕਾਂ ਦੀ ਮਾਨਸਿਕਤਾ ਅਤੇ ਬੱਚਿਆਂ ਦੀ ਸਿਹਤ 'ਤੇ ਪੈਂਦੇ ਭੈੜੇ ਅਸਰ ਤੋਂ ਇਲਾਵਾ ਅਣ ਅਧਿਕਾਰਤ ਤੌਰ 'ਤੇ ਚਲਾਏ ਜਾ ਰਹੇ ਲਾਊਡ ਸਪੀਕਰਾਂ ਕਾਰਨ ਉਤਪੰਨ ਹੋਣ ਵਾਲੀ ਸੰਭਾਵੀ ਕਾਨੂੰਨੀ ਵਿਵਸਥਾ ਨੂੰ ਧਿਆਨ ਵਿੱਚ ਰਖਦਿਆਂ ਵਧੀਕ ਜ਼ਿਲ੍ਹਾ ਮੈਜਿਸਟਰੇਟ ਸੰਗਰੂਰ ਅਮਿਤ ਬੈਂਬੀ ਵੱਲੋਂ ਭਾਰਤੀ ਨਾਗਰਿਕ ਸੁਰੱਖਿਆ ਸਹਿੰਤਾ (ਬੀ.ਐਨ.ਐਸ.ਐਸ.), 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹੇ ਵਿੱਚ ਲਾਊਡ ਸਪੀਕਰਾਂ ਦੀ ਵਰਤੋ ਆਰਕੈਸਟਰਾ ਅਤੇ ਦੂਜੇ ਆਵਾਜ਼ੀ ਪ੍ਰਦੂਸ਼ਣ ਪੈਦਾ ਕਰਨ ਵਾਲੇ ਯੰਤਰਾਂ ਦੀ ਵਰਤੋਂ ਸਬੰਧੀ ਪਾਬੰਦੀ ਹੁਕਮ ਲਾਗੂ ਕੀਤੇ ਹਨ। ਇਹਨਾਂ ਹੁਕਮਾਂ 'ਚ ਕਿਹਾ ਗਿਆ ਹੈ ਕਿ ਮੈਰਿਜ ਪੈਲਿਸਾਂ ਅਤੇ ਹੋਰ ਥਾਵਾਂ 'ਤੇ ਜਿਥੇ ਸ਼ਾਦੀ ਆਦਿ ਹੁੰਦੀ ਹੈ, ਦੇਰ ਰਾਤ ਤੱਕ ਆਰਕੈਸਟਰਾ ਅਤੇ ਹੋਰ ਆਵਾਜ਼ੀ ਪ੍ਰਦੂਸ਼ਣ ਪੈਦਾ ਕਰਨ ਵਾਲੇ ਯੰਤਰਾਂ ਦਾ ਇਸਤੇਮਾਲ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਲਾਊਡ ਸਪੀਕਰਾਂ ਦੀ ਵਰਤੋਂ ਆਮ ਜਨਤਾ ਵੱਲੋਂ ਵੀ ਧਾਰਮਿਕ ਅਤੇ ਦੂਜੇ ਹੋਰ ਸਥਾਨਾਂ 'ਤੇ ਖੁੱਲ੍ਹੇ ਤੌਰ 'ਤੇ ਕੀਤੀ ਜਾਂਦੀ ਹੈ ਜਿਸ ਕਾਰਨ ਬਿਰਧ ਬਿਮਾਰ ਵਿਅਕਤੀਆਂ ਅਤੇ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਕਾਫ਼ੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਕੋਈ ਵੀ ਵਿਅਕਤੀ ਸ਼ੋਰ ਪ੍ਰਦੂਸ਼ਣ (ਰੈਗੂਲੇਸ਼ਨ ਐਂਡ ਕੰਟਰੋਲ) ਰੂਲਜ਼ 2000 ਵਿੱਚ ਦਰਜ ਉਪਬੰਧਾਂ ਦੇ ਅਨੁਸਾਰ ਸਮਰੱਥ ਅਧਿਕਾਰੀ ਦੀ ਲਿਖਤੀ ਮੰਜ਼ੂਰੀ ਤੋਂ ਬਿਨਾਂ ਕਿਸੇ ਵੀ ਅਜਿਹੇ ਯੰਤਰ ਜਾਂ ਸ਼ੋਰ ਪ੍ਰਦੂਸ਼ਣ ਪੈਦਾ ਕਰਨ ਵਾਲੀ ਸਮੱਗਰੀ ਪ੍ਰੈਸ਼ਰ ਹਾਰਨ ਆਦਿ ਦੀ ਵਰਤੋਂ ਨਹੀਂ ਕਰੇਗਾ, ਜਿਸ ਦੀ ਆਵਾਜ਼ ਉਸਦੀ ਹਦੂਦ ਤੋਂ ਬਾਹਰ ਸੁਣਦੀ ਹੋਵੇ ਪਰ ਇਹ ਹੁਕਮ ਉਨ੍ਹਾਂ ਲਾਊਡ ਸਪੀਕਰਾਂ 'ਤੇ ਲਾਗੂ ਨਹੀਂ ਹੋਵੇਗਾ ਜਿਨ੍ਹਾਂ ਦੀ ਵਰਤੋਂ ਸਰਕਾਰੀ ਮੰਤਵ ਲਈ ਕੀਤੀ ਜਾਂਦੀ ਹੈ। ਹੁਕਮਾਂ ਅਨੁਸਾਰ ਆਰਕੈਸਟਰਾ, ਬੈਂਡ, ਡੀ.ਜੇ ਸਿਸਟਮ ਅਤੇ ਲਾਊਡ ਸਪੀਕਰਾਂ ਦੀ ਵਰਤੋਂ ਮੈਰਿਜ ਪੈਲਸ ਅਤੇ ਧਾਰਮਿਕ ਥਾਵਾਂ 'ਤੇ ਵਜਾਉਣ ਦੀ ਰਾਤ 10 ਵਜੇ ਤੋਂ ਸਵੇਰੇ 6 ਵਜੇ ਤੱਕ ਪੂਰੀ ਪਾਬੰਦੀ ਰਹੇਗੀ। ਬਰਾਤ, ਜਿਸ ਵਿੱਚ ਐਂਪਲੀਫਾਇਰ ਦੀ ਵਰਤੋਂ ਕੀਤੀ ਜਾਵੇਗੀ, ਉਸ 'ਤੇ ਰਾਤ 10 ਵਜੇ ਤੋਂ ਸਵੇਰੇ 6 ਵਜੇ ਤੱਕ ਪੂਰੀ ਪਾਬੰਦੀ ਹੋਵੇਗੀ। ਵਿਆਹ ਵਾਲੇ ਘਰਾਂ ਵਿੱਚ ਲਾਊਡ ਸਪੀਕਰਾਂ ਦੀ ਆਵਾਜ਼ ਵਿਆਹ ਘਰ ਤੋਂ ਬਾਹਰ ਨਹੀਂ ਜਾਣੀ ਚਾਹੀਦੀ। ਮੈਰਿਜ ਪੈਲਸਾਂ ਵਿੱਚ ਲਾਊਡ ਸਪੀਕਰਾਂ ਦੀ ਆਵਾਜ਼ ਮੈਰਿਜ ਪੈਲਸ ਤੋਂ ਬਾਹਰ ਨਹੀਂ ਜਾਣੀ ਚਾਹੀਦੀ। ਹੁਕਮਾਂ 'ਚ ਕਿਹਾ ਗਿਆ ਹੈ ਕਿ ਜੇਕਰ ਇਸ ਦੀ ਉਲੰਘਣਾ ਹੋਵੇਗੀ ਤਾਂ ਸਬੰਧਤ ਆਰਕੈਸਟਰਾ, ਡੀ.ਜੇ ਅਤੇ ਮੈਰਿਜ ਪੈਲੇਸ ਆਦਿ ਦੇ ਮਾਲਕ ਦੇ ਖਿਲਾਫ਼ ਕਾਰਵਾਈ ਕੀਤੀ ਜਾਵੇਗੀ। ਆਰਕੈਸਟਰਾ ਆਦਿ 'ਤੇ ਰਾਤ 10 ਵਜੇ ਤੋਂ ਸਵੇਰੇ 6 ਵਜੇ ਤੱਕ ਪਾਬੰਦੀ ਰਹੇਗੀ। ਇਹ ਹੁਕਮ 25 ਅਪ੍ਰੈਲ 2025 ਤੱਕ ਲਾਗੂ ਰਹਿਣਗੇ।

# ਖਾਲਸਾ ਕਾਲਜ ਵਿਖੇ 'ਉਤਪਾਦ-ਮਾਰਕੀਟ' ਵਿਸ਼ੇ 'ਤੇ ਵਰਕਸ਼ਾਪ ਆਯੋਜਿਤ





ਅੰਮ੍ਰਿਤਸਰ, 3 ਮਾਰਚ ( ਆਵਾਜ਼ਿ ਕੌਮ ਬਿਊਰੋ)- ਖਾਲਸਾ ਕਾਲਜ ਦੇ ਕਾਮਰਸ ਐਂਡ ਬਿਜ਼ਨਸ ਐਡਮਿਨਿਸਟ੍ਰੇਸ਼ਨ ਨੇ ਇੰਸਟੀਚਿਊਟਸ ਇਨੋਵੇਸ਼ਨ ਕੌਂਸਲ (ਆਈ. ਆਈ. ਸੀ.) ਵੱਲੋਂ ਐੱਚ. ਡੀ. ਐੱਫ਼. ਸੀ. ਬੈਂਕ, ਅੰਮ੍ਰਿਤਸਰ ਦੇ ਸਹਿਯੋਗ ਨਾਲ 'ਸਮੱਸਿਆ ਦੇ ਹੱਲ ਨੂੰ ਪ੍ਰਾਪਤ ਕਰਨਾ ਅਤੇ ਉਤਪਾਦ-ਮਾਰਕੀਟ ਫਿੱਟ' ਵਿਸ਼ੇ 'ਤੇ ਵਰਕਸ਼ਾਪ ਕਰਵਾਈ ਗਈ। ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਡਾ. ਅਰਵਿੰਦਰ ਕੌਰ ਕਾਹਲੋਂ ਦੇ ਦਿਸ਼ਾ-ਨਿਰਦੇਸ਼ਾਂ 'ਤੇ ਆਈ. ਆਈ. ਸੀ. ਪ੍ਰਧਾਨ ਡਾ. ਗੁਰਸ਼ਰਨ ਕੌਰ ਅਤੇ ਵਰਕਸ਼ਾਪ ਕੋਆਰਡੀਨੇਟਰ ਡਾ. ਪੂਨਮ ਸ਼ਰਮਾ ਦੀ ਨਿਗਰਾਨੀ ਹੇਠ ਉਕਤ ਪ੍ਰੋਗਰਾਮ ਦਾ ਉਦੇਸ਼ ਕਾਲਜ ਦੇ ਵੱਖ-ਵੱਖ ਵਿਭਾਗਾਂ ਦੇ ਫੈਕਲਟੀ ਭਾਗੀਦਾਰਾਂ ਨੂੰ ਬੈਂਕਿੰਗ ਪ੍ਰਣਾਲੀ ਬਾਰੇ ਜਾਗਰੂਕਤਾ ਅਤੇ ਸੁਝਾਅ ਪ੍ਰਦਾਨ ਕਰਨਾ ਸੀ। ਇਸ ਵਰਕਸ਼ਾਪ ਮੌਕੇ ਮੁੱਖ ਬੁਲਾਰੇ ਵਜੋਂ ਸ਼ਿਰਕਤ ਕਰਦਿਆਂ ਉਕਤ ਬੈਂਕ ਤੋਂ ਵਾਈਸ ਪ੍ਰੈਜ਼ੀਡੈਂਟ ਅਤੇ ਕਲੱਸਟਰ ਹੈੱਡ (ਰਿਟੇਲ ਬ੍ਰਾਂਚ ਬੈਂਕਿੰਗ) ਸ੍ਰੀ ਸਮੀਰ ਸਰੀਨ ਨੇ ਧੋਖਾਧੜੀ ਤੋਂ ਬਚਾਅ, ਵਿੱਤੀ ਜਾਗਰੂਕਤਾ ਅਤੇ ਉਤਪਾਦ ਸਬੰਧੀ ਆਪਣੇ ਕੀਮਤੀ ਸੁਝਾਅ ਪੇਸ਼ ਕੀਤੇ, ਜਿਸ ਨਾਲ ਫੈਕਲਟੀ ਨੂੰ ਬੈਂਕਿੰਗ ਅਤੇ ਵਪਾਰਿਕ ਰਣਨੀਤੀ ਦੇ ਮਹੱਤਵਪੂਰਨ ਪਹਿਲੂਆਂ ਨੂੰ ਸਮਝਣ 'ਚ ਸਹਾਇਤਾ ਮਿਲੀ। ਇਸ ਮੌਕੇ ਬ੍ਰਾਂਚ ਮੈਨੇਜਰ ਸ੍ਰੀ ਲਵ ਕੁਮਾਰ ਸ਼ਰਮਾ ਨੇ ਟੀਮ ਦੇ ਹੋਰ ਮੈਂਬਰਾਂ ਦੇ ਨਾਲ ਬੈਂਕਿੰਗ ਉਤਪਾਦਾਂ ਅਤੇ ਗਾਹਕ-ਕੇਂਦ੍ਰਿਤ ਵਿੱਤੀ ਹੱਲਾਂ ਸਬੰਧੀ ਗਿਆਨ ਪ੍ਰਦਾਨ ਕੀਤਾ। ਇਸ ਮੌਕੇ ਟੀਮ ਮੈਂਬਰਾਂ 'ਚ ਸੇਲਜ਼ ਮੈਨੇਜਰ ਸ੍ਰੀ ਜਤਿੰਦਰ ਅਰੋੜਾ, ਸ੍ਰੀ ਫੈਜ਼ਲ ਮੀਰ (ਏਐਸਐਮ ਕ੍ਰੈਡਿਟ ਕਾਰਡ), ਸ੍ਰੀ ਗੌਰਵ ਅਗਰਵਾਲ (ਕਲੱਸਟਰ ਹੈੱਡ, ਐੱਚ. ਡੀ. ਐਫ. ਸੀ. ਸੁਰੱਖਿਆ ਡੀ. ਐਮ. ਏ. ਟੀ. ਐਚ. ਐਸ. ਐਲ.), ਸ੍ਰੀ ਅਜੈ ਸ਼ਰਮਾ (ਏ. ਐਸ. ਐਮ. ਹੋਮ ਲੋਨ), ਸ੍ਰੀ ਪੁਨੀਤ ਗੁਪਤਾ (ਰਿਫਾਈਂਡ ਪਾਰਟਨਰ), ਸ੍ਰੀ ਸੁਮਿਤ ਮਹੇਂਦਰੂ (ਕਲੱਸਟਰ ਹੈੱਡ ਐਚਡੀਐਫਸੀ ਮਿਊਚੁਅਲ ਫੰਡ), ਸ: ਈਸ਼ਵਪ੍ਰੀਤ ਸਿੰਘ (ਧੋਖਾਧੜੀ ਜਾਗਰੂਕਤਾ) ਅਤੇ ਸ੍ਰੀਮਤੀ ਛਵੀ (ਸੀਨੀਅਰ ਸੇਲਜ਼ ਐਗਜ਼ੀਕਿਊਟਿਵ, ਕ੍ਰੈਡਿਟ ਕਾਰਡ) ਵੀ ਸ਼ਾਮਿਲ ਸਨ। ਇਸ ਮੌਕੇ ਪ੍ਰਿੰ: ਡਾ. ਕਾਹਲੋਂ ਨੇ ਅਕਾਦਮਿਕ ਮਾਮਲੇ ਡੀਨ ਡਾ. ਤਮਿੰਦਰ ਸਿੰਘ ਭਾਟੀਆ ਅਤੇ ਰਜਿਸਟਰਾਰ ਡਾ. ਦਵਿੰਦਰ ਸਿੰਘ ਨਾਲ ਮਿਲ ਕੇ ਆਏ ਮਹਿਮਾਨਾਂ ਦਾ ਫੁੱਲਾਂ ਨਾਲ ਸਵਾਗਤ ਕੀਤਾ। ਉਪਰੰਤ ਪ੍ਰਿੰ: ਡਾ. ਕਾਹਲੋਂ ਨੇ ਵਿਭਾਗ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਵਿੱਤੀ ਜਾਗਰੂਕਤਾ ਅਤੇ ਧੋਖਾਧੜੀ ਪ੍ਰਤੀ ਸੁਚੇਤਤਾ ਸਬੰਧੀ ਅਜਿਹੇ ਸੰਵਾਦਾਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਭਾਗੀਦਾਰਾਂ ਨੂੰ ਅਸਲ-ਸੰਸਾਰ ਦੀਆਂ ਚੁਣੌਤੀਆਂ ਦੀ ਸਮਝ ਨੂੰ ਵਧਾਉਣ ਲਈ ਅਜਿਹੇ ਸੈਸ਼ਨਾਂ 'ਚ ਵੱਧ ਚੜ੍ਹ ਕੇ ਯੋਗਦਾਨ ਪਾਉਣ ਲਈ ਉਤਸ਼ਾਹਿਤ ਕੀਤਾ। ਜਦਕਿ ਡਾ. ਗੁਰਸ਼ਰਨ ਕੌਰ ਨੇ ਪ੍ਰਬੰਧਕੀ ਕਮੇਟੀ ਅਤੇ ਐੱਚ. ਡੀ. ਐਫ. ਸੀ. ਬੈਂਕ, ਅੰਮ੍ਰਿਤਸਰ ਦੇ ਅਧਿਕਾਰੀਆਂ ਦੀ ਟੀਮ ਦੇ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਸੰਸਥਾ ਦੀ ਇਨੋਵੇਸ਼ਨ ਕੌਂਸਲ ਦੇ ਉਦੇਸ਼ਾਂ 'ਤੇ ਚਾਨਣਾ ਪਾਉਂਦਿਆਂ ਭਰੋਸਾ ਜਾਹਿਰ ਕੀਤਾ ਕਿ ਆਈ. ਆਈ. ਸੀ. ਭਵਿੱਖ 'ਚ ਵੀ ਅਜਿਹੇ ਜਾਣਕਾਰੀ ਭਰਪੂਰ ਸਮਾਗਮ ਜਾਰੀ ਰੱਖੇਗਾ। ਇਸ ਮੌਕੇ ਡਾ. ਪੂਨਮ ਸ਼ਰਮਾ ਨੇ ਵਿਸ਼ੇਸ਼ ਮਹਿਮਾਨਾਂ ਨਾਲ ਜਾਣ-ਪਛਾਣ ਕਰਵਾਈ ਅਤੇ ਵਰਕਸ਼ਾਪ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਤਾਂ ਜੋ ਭਾਗੀਦਾਰਾਂ ਨੂੰ ਬੈਂਕਿੰਗ ਨਾਲ ਸਬੰਧਿਤ ਗ੍ਰਾਹਕਾਂ ਦੀਆਂ ਚਿੰਤਾਵਾਂ ਨੂੰ ਡੂੰਘਾਈ ਨਾਲ ਸਮਝਿਆ ਜਾ ਸਕੇ ਅਤੇ ਉਕਤ ਵਿਸ਼ੇ ਸਬੰਧੀ ਜਾਣਕਾਰੀ ਪ੍ਰਾਪਤ ਕਰਨ ਲਈ ਇਸ ਦੇ ਹੱਲ ਵਿਕਸਿਤ ਕੀਤੇ ਜਾ ਸਕਣ। ਜਦਕਿ ਪ੍ਰੋ: ਮੀਨੂੰ ਚੋਪੜਾ ਨੇ ਕਿਹਾ ਕਿ ਇਸ ਵਰਕਸ਼ਾਪ ਦਾ ਉਦੇਸ਼ ਗ੍ਰਾਹਕਾਂ ਦੀਆਂ ਗੰਭੀਰ ਸਮੱਸਿਆਵਾਂ ਦੀ ਪਛਾਣ ਕਰਨਾ ਅਤੇ ਗ੍ਰਾਹਕਾਂ ਦੀਆਂ ਜ਼ਰੂਰਤਾਂ ਅਨੁਸਾਰ ਉਨ੍ਹਾਂ ਦੇ ਹੱਲ ਲੱਭਣੇ ਹਨ। ਉਪਰੰਤ ਧੰਨਵਾਦ ਮਤਾ ਪੇਸ਼ ਕਰਦਿਆਂ ਕਿਹਾ ਕਿ ਵਰਕਸ਼ਾਪ 'ਚ ਲਗਭਗ 60 ਫੈਕਲਟੀ ਮੈਂਬਰਾਂ ਨੇ ਹਿੱਸਾ ਲਿਆ। ਇਸ ਮੌਕੇ ਡਾ. ਸੁਪਨਿੰਦਰ ਕੌਰ, ਡਾ. ਸਾਵੰਤ ਸਿੰਘ ਮੰਟੋ, ਡਾ. ਸਵਰਾਜ ਕੌਰ, ਡਾ. ਦੀਪਕ ਦੇਵਗਨ, ਡਾ. ਅਜੇ ਸਹਿਗਲ ਡਾ. ਸਾਮੀਆ, ਡਾ. ਏ. ਐਸ. ਭੱਲਾ, ਪ੍ਰੋ. ਸ਼ੀਤਲ ਗੁਪਤਾ, ਡਾ. ਹਰਪ੍ਰੀਤ ਕੌਰ ਮਹਿਰੋਕ, ਡਾ. ਨਵਪ੍ਰੀਤ ਕੁਲਾਰ ਆਦਿ ਹਾਜ਼ਰ ਸਨ।

# ਵਿਜੀਲੈਂਸ ਨੇ ਥਾਣਾ ਮਹਿਲ ਕਲਾਂ ਦਾ ਏ.ਐਸ.ਆਈ. ਅਤੇ ਹੌਲਦਾਰ 50 ਹਜ਼ਾਰ ਦੀ ਰਿਸ਼ਵਤ ਲੈਂਦੇ ਰੰਗੇ ਹੱਥੀਂ ਦਬੋਚੇ, ਪਰਚਾ ਦਰਜ, ਜਾਂਚ ਜਾਰੀ



ਬਰਨਾਲਾ, 3 ਮਾਰਚ (ਆਵਾਜ਼ਿ ਕੌਮ ਬਿਊਰੋ)- ਬੀਤੇ ਕੱਲ੍ਹ ਪੁਲਿਸ ਥਾਣਾ ਮਹਿਲ ਕਲਾਂ ਵਿਖੇ ਵਿਜੀਲੈਂਸ ਵੱਲੋਂ ਇਕ ਏਐਸਆਈ ਅਤੇ ਇੱਕ ਸੀਨੀਅਰ ਸਿਪਾਹੀ ਦੀ ਗ੍ਰਿਫ਼ਤਾਰੀ ਪਿੱਛੇ ਅਜੀਬੋ ਗਰੀਬ ਕਹਾਣੀ ਸਾਹਮਣੇ ਆਈ ਹੈ। ਜਦੋਂ ਪੁਲੀਸ ਕਿਸੇ ਦੋਸ਼ੀ ਨੂੰ ਗ੍ਰਿਫਤਾਰ ਕਰਦੀ ਹੈ ਤਾਂ ਕਈ ਵਾਰ ਕਿਸੇ ਦੋਸ਼ੀ ਕੋਲੋਂ ਗ੍ਰਿਫਤਾਰੀ ਤੋਂ ਬਾਅਦ ਜਾਮਾ ਤਲਾਸ਼ੀ ਦੌਰਾਨ ਕੁਝ ਸਮਾਨ ਬਰਾਮਦ ਹੁੰਦਾ ਹੈ ਜਿਸ ਨੂੰ ਜਾਂ ਤਾਂ ਸੰਬੰਧਿਤ ਕੇਸ ਨਾਲ ਜੋੜ ਦਿੱਤਾ ਜਾਂਦਾ ਹੈ ਜੇਕਰ ਅਜਿਹਾ ਨਹੀਂ ਕੀਤਾ ਜਾਂਦਾ ਤਾਂ ਪੁਲਿਸ ਮੁਲਾਜ਼ਮ ਉਸ ਨੂੰ ਆਪਣੇ ਕੋਲ ਰੱਖ ਲੈਂਦੇ ਹਨ ਅਤੇ ਕਾਨੂੰਨੀ ਕਾਰਵਾਈ ਕਰਕੇ ਪਰਿਵਾਰਿਕ ਮੈਂਬਰਾਂ ਨੂੰ ਉਹ ਸਮਾਨ ਦੇ ਦਿੱਤਾ ਜਾਂਦਾ ਹੈ ਪ੍ਰੰਤੂ ਥਾਣਾ ਮਹਿਲ ਕਲਾਂ ਦੇ ਦੋ ਪੁਲਿਸ ਮੁਲਾਜ਼ਮਾਂ ਲਈ ਇਹੀ ਸਮਾਨ ਬਦਨਾਮੀ ਅਤੇ ਨੌਕਰੀ ਲਈ ਖ਼ਤਰਾ ਬਣ ਗਿਆ ਜਦੋਂ ਕੀਮਤੀ ਸਮਾਨ ਨੂੰ ਦੇਖ ਕੇ ਉਹਨਾਂ ਦਾ ਮਨ ਬੇਈਮਾਨ ਹੋ ਗਿਆ ਤੇ ਉਹਨਾਂ ਨੇ ਇੱਕ ਦੋਸ਼ੀ ਕੋਲੋਂ ਜਾਮਾ ਤਲਾਸ਼ੀ ਦੌਰਾਨ ਬਰਾਮਦ ਹੋਇਆ ਸਮਾਨ ਵਾਪਸ ਦੇਣ ਲਈ ਰਿਸ਼ਵਤ ਦੀ ਸੌਦੇਬਾਜ਼ੀ ਸ਼ੁਰੂ ਕਰ ਦਿੱਤੀ। ਪ੍ਰਾਪਤ ਜਾਣਕਾਰੀ ਅਨੁਸਾਰ ਥਾਣਾ ਮਹਿਲ ਕਲਾਂ ਦੀ ਪੁਲਿਸ ਨੇ ਪਿਛਲੇ ਦਿਨੀ ਪਿੰਡ ਰਾਇਸਰ ਵਿਖੇ ਇਕ ਸ਼ਰਾਬ ਦੇ ਠੇਕੇ ਤੋਂ ਸ਼ਰਾਬ ਚੋਰੀ ਕਰਨ ਅਤੇ ਭੰਨ ਤੋੜ ਕਰਨ ਦੇ ਮਾਮਲੇ 'ਚ ਤਿੰਨ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਸੀ, ਇਹ ਮਾਮਲਾ ਏ ਐਸ ਆਈ ਜੱਗਾ ਸਿੰਘ ਕੋਲ ਸੀ। ਇਨਾਂ ਦੋਸ਼ੀਆਂ ਦੀ ਗ੍ਰਿਫ਼ਤਾਰੀ ਮੌਕੇ ਜਾਮਾ ਤਲਾਸ਼ੀ ਦੌਰਾਨ ਇੱਕ ਦੋਸ਼ੀ ਕੋਲੋਂ ਇੱਕ ਕੀਮਤੀ ਘੜੀ, ਇੱਕ ਡੇਢ ਤੋਲੇ ਦੀ ਸੋਨੇ ਦੀ ਚੇਨ, ਇੱਕ ਮਹਿੰਗਾ ਆਈਫੋਨ ਅਤੇ 10 ਹਜ਼ਾਰ ਰੁਪਏ ਦੀ ਨਗਦੀ ਬਰਾਮਦ ਹੋਈ ਸੀ। ਜੋ ਪੁਲਿਸ ਮੁਲਾਜ਼ਮਾਂ ਨੇ ਰਿਕਾਰਡ ਵਿੱਚ ਨਹੀਂ ਲਈ ਪਰ ਉਹ ਇਹ ਸਮਾਨ ਪਰਿਵਾਰਿਕ ਮੈਂਬਰਾਂ ਨੂੰ ਦੇਣ ਵਿੱਚ ਵੀ ਆਨਾਕਾਨੀ ਕਰ ਰਹੇ ਸਨ। ਸਬੰਧਿਤ ਦੋਸ਼ੀ ਦੀ ਭੈਣ ਪਰਵਿੰਦਰ ਕੌਰ ਨੇ ਇਹ ਸਮਾਨ ਲੈਣ ਲਈ ਕਈ ਵਾਰ ਏਐਸਆਈ ਜੱਗਾ ਸਿੰਘ ਕੋਲ ਪਹੁੰਚ ਕੀਤੀ ਪ੍ਰੰਤੂ ਪੁਲਿਸ ਮੁਲਾਜ਼ਮਾਂ ਨੇ ਉਸ ਨੂੰ ਕੋਈ ਰਾਹ ਨਾ ਦਿੱਤਾ ਅਤੇ ਅਖੀਰ ਇਹ ਸਾਰਾ ਸਮਾਨ ਵਾਪਸ ਦੇਣ ਲਈ ਰਿਸ਼ਵਤ ਦੀ ਮੰਗ ਕੀਤੀ ਅਤੇ ਰਿਸ਼ਵਤ ਦਾ ਇਹ ਸੌਦਾ 50 ਹਜ਼ਾਰ ਵਿੱਚ ਤੈਅ ਹੋ ਗਿਆ। ਇਸ ਤੋਂ ਬਾਅਦ ਪਰਵਿੰਦਰ ਕੌਰ ਨੇ ਬਰਨਾਲਾ ਵਿਜੀਲੈਂਸ ਦੀ ਟੀਮ ਨਾਲ ਸੰਪਰਕ ਕੀਤਾ ਅਤੇ ਸਾਰੀ ਕਹਾਣੀ ਦੱਸੀ ਜਿਸ ਤੋਂ ਬਾਅਦ ਵਿਜੀਲੈਂਸ ਬਰਨਾਲਾ ਯੂਨਿਟ ਦੇ ਇੰਸਪੈਕਟਰ ਗੁਰਮੇਲ ਸਿੰਘ ਦੀ ਅਗਵਾਈ ਹੇਠ ਜਾਲ ਵਿਛਾਇਆ ਗਿਆ ,ਅਤੇ ਏਐਸਆਈ ਜੱਗਾ ਸਿੰਘ ਤੇ ਹੌਲਦਾਰ ਗੁਰਪ੍ਰੀਤ ਸਿੰਘ ਨੂੰ ਪਰਵਿੰਦਰ ਕੌਰ ਤੋਂ 50 ਹਜ਼ਾਰ ਦੀ ਰਿਸ਼ਵਤ ਲੈਂਦੇ ਰੰਗੇ ਹੱਥੀ ਕਾਬੂ ਕੀਤਾ। ਇੰਸਪੈਕਟਰ ਗੁਰਮੇਲ ਸਿੰਘ ਨੇ ਦੱਸਿਆ ਕਿ ਇਸ ਸਬੰਧੀ ਵਿਜੀਲੈਂਸ ਵਿਭਾਗ ਵੱਲੋਂ ਐੱਫ਼ਆਈਆਰ ਦਰਜ ਕਰਕੇ ਅਗਲੀ ਜਾਂਚ ਕੀਤੀ ਜਾ ਰਹੀ ਹੈ। ਜੇ ਕੋਈ ਹੋਰ ਵੀ ਕਰਮਚਾਰੀ ਇਸ ਮਾਮਲੇ ਵਿੱਚ ਦੋਸ਼ੀ ਪਾਇਆ ਗਿਆ ਤਾਂ ਉਸ ਵਿਰੁੱਧ ਵੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਇੱਕ ਨਜ਼ਰ...



## ਯੁੱਧ ਨਸ਼ਿਆਂ ਵਿਰੁੱਧ: ਲਹਿਰਾ ਦੇ ਪਿੰਡ ਰਾਏਧਰਾਣਾ ਵਿਖੇ ਇੱਕ ਨਸ਼ਾ ਤਸਕਰ ਦੀ ਪ੍ਰੋਪਰਟੀ ਤੇ ਬੈਂਕ ਖਾਤੇ ਸੰਗਰੂਰ ਪੁਲਿਸ ਨੇ ਕੰਪੀਟੈਂਟ ਅਥਾਰਟੀ ਦੇ ਹੁਕਮਾਂ 'ਤੇ ਕੀਤੇ ਫਰੀਜ

### ਐਸ.ਪੀ ਨਵਰੀਤ ਸਿੰਘ ਵਿਰਕ ਦੀ ਮੌਜੂਦਗੀ ਵਿੱਚ ਪੁਲਿਸ ਨੇ ਘਰ ਦੇ ਗੇਟ ਅੱਗੇ ਚਿਪਕਾਇਆ ਫਰੀਜਿੰਗ ਆਰਡਰ

ਲਹਿਰਾ, ਸੰਗਰੂਰ, 3 ਮਾਰਚ (ਰਣਜੀਤ ਸਿੰਘ ਪੇਧਨੀ )-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਡੀ.ਜੀ.ਪੀ ਪੰਜਾਬ ਗੌਰਵ ਯਾਦਵ ਦੇ ਦਿਸ਼ਾ ਨਿਰਦੇਸ਼ਾਂ ਹੇਠ ਜ਼ਿਲ੍ਹਾ ਸੰਗਰੂਰ ਵਿੱਚ ਐਸ.ਐਸ.ਪੀ ਸਰਤਾਜ ਸਿੰਘ ਚਾਹਲ ਦੀ ਅਗਵਾਈ ਹੇਠ *ਯੁੱਧ ਨਸ਼ਿਆਂ ਵਿਰੁੱਧ* ਮੁਹਿੰਮ ਤਹਿਤ ਸੰਗਰੂਰ ਪੁਲਿਸ ਲਗਾਤਾਰ ਸਰਗਰਮ ਹੈ। ਸੰਗਰੂਰ ਪੁਲਿਸ ਵੱਲੋਂ ਜਿੱਥੇ ਇਸ ਮੁਹਿੰਮ ਤਹਿਤ ਨਸ਼ਾ ਤਸਕਰਾਂ ਨੂੰ ਸਲਾਖਾਂ ਪਿੱਛੇ ਪਹੁੰਚਾਇਆ ਜਾ ਰਿਹਾ ਹੈ ਉੱਥੇ ਨਾਲ ਹੀ ਨਸ਼ਿਆਂ ਦੇ ਕਾਲੇ ਕਾਰੋਬਾਰ ਰਾਹੀਂ ਬਣਾਈ ਗਈ ਪ੍ਰੋਪਰਟੀ ਨੂੰ ਫਰੀਜ ਕਰਨ ਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ। ਅੱਜ ਐਸ.ਐਸ.ਪੀ ਸਰਤਾਜ ਸਿੰਘ ਚਾਹਲ ਦੀਆਂ ਹਦਾਇਤਾਂ ਤੇ ਅਮਲ ਕਰਦਿਆਂ ਐਸ.ਪੀ ਨਵਰੀਤ ਸਿੰਘ ਵਿਰਕ ਦੀ ਅਗਵਾਈ ਅਤੇ ਡੀ.ਐਸ.ਪੀ ਦੀਪਇੰਦਰਪਾਲ ਸਿੰਘ ਜੇਜੀ ਅਤੇ ਐਸ.ਐਚ.ਓ ਰਣਬੀਰ ਸਿੰਘ ਦੀ ਮੌਜੂਦਗੀ ਵਿੱਚ ਲਹਿਰਾ ਪੁਲਿਸ ਸਟੇਸ਼ਨ ਦੀ ਟੀਮ ਵੱਲੋਂ ਪਿੰਡ ਰਾਏਧਰਾਣਾ ਦੇ ਇੱਕ ਨਸ਼ਾ ਤਸਕਰ ਗੁਰਜੀਤ ਸਿੰਘ ਉਰਫ ਭੂਰਾ ਫੌਜੀ ਦੇ ਘਰ ਦੇ ਗੇਟ ਅੱਗੇ ਪ੍ਰੋਪਰਟੀ ਨੂੰ ਫਰੀਜ ਕਰਨ ਦਾ ਆਰਡਰ ਚਿਪਕਾਇਆ ਗਿਆ। ਇਸ ਬਾਰੇ ਜਾਣਕਾਰੀ ਦਿੰਦਿਆਂ ਐਸ.ਪੀ (ਪੀ.ਬੀ.ਆਈ) ਨਵਰੀਤ ਸਿੰਘ ਵਿਰਕ ਨੇ ਦੱਸਿਆ ਕਿ ਪਿੰਡ ਰਾਏਧਰਾਣਾ ਦਾ ਮੌਜੂਦਾ ਸਰਪੰਚ ਗੁਰਜੀਤ ਸਿੰਘ ਉਰਫ ਭੂਰਾ ਫੌਜੀ ਐਨ.ਡੀ.ਪੀ.ਐਸ ਐਕਟ ਦੇ ਮਾਮਲਿਆਂ ਤਹਿਤ ਜੇਲ ਵਿੱਚ ਬੰਦ ਹੈ ਅਤੇ ਕੰਪੀਟੈਂਟ ਅਥਾਰਟੀ ਦਿੱਲੀ ਵੱਲੋਂ ਪ੍ਰਾਪਤ ਆਰਡਰਾਂ ਦੀ ਕਾਪੀ ਗੇਟ ਨੇੜੇ ਚਿਪਕਾਉਂਦੇ ਹੋਏ ਪ੍ਰੋਪਰਟੀ ਨੂੰ ਫਰੀਜ ਕਰਨ ਸਬੰਧੀ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਹੈ ਜਿਸ ਤਹਿਤ ਉਸ ਦੀ 27 ਕਨਾਲ ਪ੍ਰੋਪਰਟੀ, ਉਸਦੇ ਅਤੇ ਪਰਿਵਾਰਿਕ ਮੈਂਬਰਾਂ ਦੇ ਬੈਂਕ ਖਾਤੇ ਤੇ ਟਰੈਕਟਰ ਫਰੀਜ ਕਰ ਦਿੱਤੇ ਗਏ ਹਨ। ਉਹਨਾਂ ਕਿਹਾ ਕਿ ਇਹ ਆਰਡਰ ਡਾਕ ਰਾਹੀਂ ਵੀ ਇਨ੍ਹਾਂ ਨੂੰ ਡਲੀਵਰ ਹੋ ਚੁੱਕੇ ਹਨ। ਐਸ.ਪੀ ਨਵਰੀਤ ਸਿੰਘ ਵਿਰਕ ਨੇ ਦੱਸਿਆ ਕਿ ਐਸ.ਐਸ.ਪੀ ਸਰਤਾਜ ਸਿੰਘ ਚਾਹਲ ਦੀ ਅਗਵਾਈ ਹੇਠ ਜ਼ਿਲ੍ਹਾ ਪੁਲਿਸ ਵੱਲੋਂ ਪਿਛਲੇ ਸਾਲ ਨਸ਼ਾ ਤਸਕਰਾਂ ਦੀ ਪ੍ਰੋਪਰਟੀ ਫਰੀਜ ਕਰਨ ਦੀ ਸਿਫਾਰਿਸ਼ ਸਮੇਤ 12 ਕੇਸ ਭੇਜੇ ਗਏ ਸਨ ਜਿਸ ਵਿੱਚੋਂ 9 ਦੀ ਪ੍ਰੋਪਰਟੀ ਫਰੀਜ ਕਰਨ ਦੇ ਆਰਡਰ ਪ੍ਰਾਪਤ ਹੋ ਚੁੱਕੇ ਹਨ। ਉਹਨਾਂ ਦੱਸਿਆ ਕਿ ਨਸ਼ਾ ਤਸਕਰਾਂ ਵਿਰੁੱਧ ਵਿੱਢੀ ਮੁਹਿੰਮ ਦੇ ਤਹਿਤ ਸੰਗਰੂਰ ਪੁਲਿਸ ਵੱਲੋਂ ਫਰਵਰੀ 2025 ਵਿੱਚ ਹੀ 27 ਕੇਸ ਦਰਜ ਕੀਤੇ ਗਏ ਹਨ ਜਿਨਾਂ ਵਿੱਚੋਂ 16 ਕੇਸ ਅਜਿਹੇ ਹਨ ਜੋ ਕਿ *ਯੁੱਧ ਨਸ਼ਿਆਂ ਵਿਰੁੱਧ* ਮੁਹਿੰਮ ਤਹਿਤ 23 ਫਰਵਰੀ ਤੋਂ ਲੈ ਕੇ ਹੁਣ ਤੱਕ ਦਰਜ ਹੋਏ ਹਨ। ਉਹਨਾਂ ਨੇ ਸਪਸ਼ਟ ਸ਼ਬਦਾਂ ਵਿੱਚ ਚੇਤਾਵਨੀ ਦਿੰਦਿਆਂ ਕਿਹਾ ਹੈ ਕਿ ਜੇਕਰ ਕੋਈ ਵੀ ਵਿਅਕਤੀ ਨਸ਼ਾ ਤਸਕਰੀ ਦੇ ਕਾਲੇ ਕਾਰੋਬਾਰ ਨੂੰ ਕਰਦਾ ਹੋਇਆ ਪਾਇਆ ਜਾਂਦਾ ਹੈ ਤਾਂ ਉਸਨੂੰ ਬਖਸ਼ਿਆ ਨਹੀਂ ਜਾਵੇਗਾ।

## ਯੂਥ ਸਪੋਰਟਸ ਐਂਡ ਕਲਚਰਲ ਕਲੱਬ ਵੱਲੋਂ ਉੱਘੇ ਸਮਾਜ ਸੇਵੀ ਹਰੀ ਸਿੰਘ ਪ੍ਰੀਤ ਦਾ ਕੀਤਾ ਸਨਮਾਨ



ਧੂਰੀ, 3 ਮਾਰਚ ( ਰਣਜੀਤ ਸਿੰਘ ਪੇਧਨੀ)- ਯੂਥ ਸਪੋਰਟਸ ਐਂਡ ਕਲਚਰਲ ਕਲੱਬ ਰਜਿ ਧੂਰੀ ਪਿੰਡ ਵੱਲੋਂ ਕਰਵਾਏ ਗਏ ਪੰਜਵੇਂ ਕਬੱਡੀ ਕੱਪ ਵਿੱਚ ਉੱਘੇ ਸਮਾਜ ਸੇਵੀ ਸ, ਹਰੀ ਸਿੰਘ ਪ੍ਰੀਤ ਮੈਨੇਜਿੰਗ ਡਾਇਰੈਕਟਰ ਪ੍ਰੀਤ ਗਰੁੱਪ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਸਾਮਿਲ ਹੋਏ। ਇਸ ਮੌਕੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹਰੀ ਸਿੰਘ ਪ੍ਰੀਤ ਨੇ ਕਿਹਾ ਕਿ ਮਾਂ ਖੇਡ ਕਬੱਡੀ ਕੱਪ ਕਰਵਾਉਣ ਦਾ ਉਪਰਾਲਾ ਯੂਥ ਸਪੋਰਟਸ ਐਂਡ ਕਲਚਰਲ ਕਲੱਬ ਰਜਿ ਧੂਰੀ ਪਿੰਡ ਦਾ ਸਲਾਘਾਯੋਗ ਕਦਮ ਹੈ ਉਹਨਾਂ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਕਰਨ ਦੇ ਲਈ ਇਹ ਇਸ ਤਰ੍ਹਾਂ ਦੀਆਂ ਖੇਡਾਂ ਦਾ ਹੋਣਾ ਕਬੱਡੀ ਕੱਪ ਕਰਵਾਉਣਾ ਬਹੁਤ ਜਰੂਰੀ ਹੋ ਗਏ ਹਨ ਕਿਉਂਕਿ ਨੌਜਵਾਨ ਨਸਿਆਂ ਦੀ ਦਲਦਲ ਵਿੱਚ ਫਸ ਗਏ ਆਪਣੀ ਜ਼ਿੰਦਗੀ ਬਰਬਾਦ ਕਰ ਰਹੇ ਹਨ। ਇਸ ਮੌਕੇ ਪ੍ਰੀਤ ਗਰੁੱਪ ਵੱਲੋਂ ਕਬੱਡੀ ਕੱਪ ਦੇ ਅਹੁਦੇਦਾਰਾਂ ਦੀ ਮਾਲੀ ਮਦਦ ਕਰਕੇ ਕਬੱਡੀ ਕੱਪ ਕਰਵਾਉਣ ਵਾਲਿਆਂ ਦਾ ਹੌਸਲਾ ਅਫਜਾਈ ਕੀਤਾ। ਇਸ ਮੌਕੇ ਹੰਸ ਰਾਜ ਗਰਗ,ਨਿਰਭੈ ਸਿੰਘ ਰਣੀਕੇ ਅਤੇ ਹਰਪ੍ਰੀਤ ਸਿੰਘ ਸਰਪੰਚ ਯੂਥ ਸਪੋਰਟਸ ਐਂਡ ਕਲਚਰਲ ਕਲੱਬ ਦੇ ਪ੍ਰਧਾਨ ਨੀਟੂ ਮੰਡੇਰ ਅਤੇ ਸਮੂਹ ਅਹੁਦੇਦਾਰ ਹਾਜ਼ਰ ਸਨ।

## ਜ਼ਿਲੇ ਵਿੱਚ ਤੈਨਾਤ ਪੀ ਸੀ ਐਸ ਅਧਿਕਾਰੀਆਂ ਨੇ ਪੀਸੀਐਸ ਦੇ ਪ੍ਰੀਖਿਆਰਥੀਆਂ ਨਾਲ ਜਰੂਰੀ ਨੁਕਤੇ ਕੀਤੇ ਸਾਂਝੇ

ਅੰਮ੍ਰਿਤਸਰ, 3 ਮਾਰਚ (ਆਵਾਜ਼ਿ ਕੌਮ ਬਿਊਰੋ)- ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸ੍ਰੀਮਤੀ ਸਾਕਸ਼ੀ ਸਾਹਨੀ ਵੱਲੋਂ ਪੀ ਸੀ ਐਸ ਦੀ ਪ੍ਰੀਖਿਆ ਦੇ ਰਹੇ ਪ੍ਰੀਖਿਆਰਥੀਆਂ ਲਈ ਨਿਵੇਕਲਾ ਉਦਮ ਕਰਦੇ ਹੋਏ ਇਹਨਾਂ ਬੱਚਿਆਂ ਨੂੰ ਪ੍ਰੀਖਿਆ ਪਾਸ ਕਰਨ ਦਾ ਹੁਨਰ ਦੇਣ ਦੀ ਜ਼ਿੰਮੇਵਾਰੀ ਜ਼ਿਲ੍ਹੇ ਵਿੱਚ ਤਾਇਨਾਤ ਪੀਸੀਐਸ ਅਧਿਕਾਰੀਆਂ ਨੂੰ ਸੌਂਪੀ ਗਈ ਸੀ। ਡਿਪਟੀ ਕਮਿਸ਼ਨਰ ਨੇ ਇਸ ਬਹੁਤ ਹੀ ਜਰੂਰੀ ਵਿਸ਼ੇ ਲਈ ਜਿੰਨਾ ਅਧਿਕਾਰੀਆਂ ਨੂੰ ਬੱਚਿਆਂ ਦੀ ਅਗਵਾਈ ਕਰਨ ਲਈ ਕਿਹਾ ਹੈ, ਉਹਨਾਂ ਵਿੱਚ ਕੁੱਝ ਅਧਿਕਾਰੀ ਤਾਂ ਹਾਲ ਹੀ ਵਿੱਚ ਪੀਸੀਐਸ ਪ੍ਰੀਖਿਆ ਪਾਸ ਕਰਕੇ ਡਿਊਟੀ ਉੱਪਰ ਆਏ ਹਨ, ਨੇ ਅੱਜ ਵੈਬੀਨਾਰ ਦੇ ਜਰੀਏ 100 ਤੋ ਵੱਧ ਪ੍ਰੀਖਿਆਰਥੀਆਂ ਨਾਲ ਨੁਕਤੇ ਸਾਂਝੇ ਕੀਤੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਆਈ-ਅਸਪਾਈਰ ਪੀ.ਸੀ.ਐਸ. ਮੈਂਟਰਸ਼ਿਪ ਪ੍ਰੋਗਰਾਮ ਦੌਰਾਨ ਵੱਖ ਵੱਖ ਪ੍ਰੀਖਿਆਰਥੀਆਂ ਵਲੋਂ ਅਧਿਕਾਰੀਆਂ ਨੂੰ ਆਪਣੀਆਂ ਮੁਸ਼ਿਕਲਾਂ ਸਾਂਝੀ ਕਰਦੇ ਹੋਏ ਕਈ ਪ੍ਰਸ਼ਨ ਪੁੱਛੇ ਗਏ ਜਿਨਾਂ ਦਾ ਅਧਿਕਾਰੀਆਂ ਨੇ ਬਾਖੂਬੀ ਜਵਾਬ ਦਿੱਤਾ ਅਤੇ ਪ੍ਰੀਖਿਆਰਥੀਆਂ ਨੂੰ ਦਿਲ ਲਗਾ ਕੇ ਮਿਹਨਤ ਕਰਨ ਦੀ ਸਲਾਹ ਦਿੱਤੀ। ਵੱਖ-ਵੱਖ ਪੀ.ਸੀ.ਐਸ. ਅਧਿਕਾਰੀਆਂ ਨੇ ਵੈਬੀਨਾਰ ਵਿੱਚ ਹਿੱਸਾ ਲੈਂਦਿਆਂ ਪ੍ਰੀਖਿਆਰਥੀਆਂ ਨੂੰ ਪੇਪਰਾਂ ਵਿੱਚ ਪੁੱਛੇ ਜਾਣ ਵਾਲੇ ਸਵਾਲਾਂ ਬਾਰੇ ਵੀ ਜਾਣਕਾਰੀ ਦਿੱਤੀ।